# ਪਰਮੇਸ਼ੁਰ ਦਾ ਮੁਢਲਾ ਨਮੂਨਾ

ਮਤੀ 22:37-39

ਕੇਟੀ ਬੇਸ

1. ਪਰਮੇਸ਼ੁਰ ਨਾਲ ਠੀਕ ਰਿਸ਼ਤਾ

2. ਅਪਣੇ ਆਪ ਨਾਲ ਠੀਕ ਰਿਸ਼ਤਾ

3. ਦੁੱਜਿਆਂ ਨਾਲ ਠੀਕ ਰਿਸ਼ਤਾ

    1. ਪਤੀ
    2. ਬੱਚੇ
    3. ਮਾਤਾ ਪਿਤਾ ਅਤੇ ਸੱਸ ਸੌਹਰਾ
    4. ਮਿਤ੍ਰ ਅਤੇ ਦੁੱਜੇ

4. ਘਰ ਵਿੱਚ ਠੀਕ ਕ੍ਰਮ

    1. ਪੂੰਜੀ
    2. ਸਮਾਂ ਦਾ ਪ੍ਰਬੰਧ
    3. ਘਰ ਵਿੱਚ ਨਿਯਮ ਕਾਨੂਨ
    4. ਪ੍ਰਾਥਮਿਕਤਾ
    5. ਰਵਈਆ ਅਤੇ ਵਾਤਾਵਰਣ
    6. ਸੈਕਸ
    7. ਸਿਹਤ/ਆਹਾਰ

# 1. ਪਰਮੇਸ਼ੁਰ ਨਾਲ ਠੀਕ ਰਿਸ਼ਤਾ

ੳ. ਪਰਮੇਸ਼ੁਰ ਦਾ ਸ਼ੁਰੂ ਵਿੱਚ ਉੱਦੇਸ਼

ਅ. ਕੀ ਹੋਇਆ?

ੲ. ਪਰਮੇਸ਼ੁਰ ਪੁਨਰ-ਨਿਰਮਾਣ

ਮਤੀ 22:37-39

ਪਹਿੱਲਾ ਪਰਮੇਸ਼ੁਰ ਨਾਲ ਪ੍ਰੇਮ ਕਰੋ

ਦੂੱਜਾ ਅਪਣੇ ਆਪ ਨਾਲ ਪ੍ਰੇਮ ਕਰੋ

ਤਿੱਜ਼ਾ ਪੜੋਸੀ ਨਾਲ ਪ੍ਰੇਮ ਕਰੋ

## ੳ. ਪਰਮੇਸ਼ੁਰ ਦਾ ਸ਼ੁਰੂ ਵਿੱਚ ਉੱਦੇਸ਼

1. ਇਨਸਾਨ ਨਾਲ ਸੰਗਤ ਕਰਨੀ, ਪਰਮੇਸ਼ੁਰ ਨੇ ਪਰਿਵਾਰ ਦੀ ਇੱਛਾ ਕੀਤੀ
   1 ਯੂਹੰਨਾ 1:3 ਉਤਪਤ 2:19, 3:8
2. ਇਨਸਾਨ ਨਾਲ ਰੋਜ਼ ਦਾ ਰਿਸ਼ਤਾ ਰੱਖਣਾ
   ਪਰਮੇਸ਼ੁਰ ਨਾਲ ਚਲਨਾ, ਉਸ ਨਾਲ ਗੱਲਾਂ ਕਰਨਿਆਂ, ਉੱਸ ਨੂੰ ਜਾਨਨਾ
   ਉੱਸ ਨਾਲ ਖੁੱਲਾਪਣ, ਉੱਸ ਨਾਲ ਸਦੀਪਕ ਕਾਲ ਤਕ ਰਹਿਨਾ
   ਉਤਪਤ 5:22,24 ਹਨੋਕ; 6:9 ਨੂਹ ਕੂਚ 33:9 ਮੂਸਾ ।
3. ਇਨਸਾਨ ਨੂੰ ਇੱਕਲਿਆਂ ਨਹੀਂ ਸੀ ਰਹਿਨਾ; ਇਸਤ੍ਰੀ ਨੂੰ ਅਪਨੇ ਪਤੀ ਦੀ ਸਿੱਧ ਸਾਥਣ ਹੋਨਾ ਸੀ ।
   - ਇਕ ਹੋਨਾ: ਆਤਮਾ, ਪ੍ਰਾਣ ਤੇ ਸ਼ਰੀਰ
   - ਇੱਕ ਦੁਜੇ ਨਾਲ ਖੁਲਾਪਣ, ਨੰਗੇ, ਛਿੱਪਾਉਂਣ ਲਈ ਕੁੱਝ ਵੀ ਨਹੀਂ ।
   - ਹਵਾ ਆਦਮ ਨੂੰ ਪੂਰਾ ਕਰਦੀ ਹੈ ਉਤਪਤ 2:18-25
   - ਪਰਮੇਸ਼ੁਰ ਸਾਡੇ ਨਾਲ ਵਿਹਾਰ ਕਰਦਾ ਹੈ ਕੀ ਅਸੀਂ ਅਜ ਕਿੱਥੇ ਹਾਂ ਅਤੇ ਅਜ ਦੇ ਦਿਨ ਸਾਡੀ ਸ਼ਾਦੀ ।
4. ਇਨਸਾਨ ਨੂੰ ਜੀਵਨ ਦਾ ਆਨੰਦ ਲੈਨਾ ਸੀ, ਅਪਨੇ ਵਾਤਾਵਰਣ ਵਿੱਚ ਕੰਮ ਕਰਨਾ ਅਤੇ ਇੱਕ ਦੁੱਜੇ ਨਾਲ ।
   ਉਤਪਤ 2:18-25, 1:28-31
5. ਸਾਨੂੰ ਜਾਨਨਾ ਸੀ ਕੇ ਅਸੀਂ ਪਰਮੇਸ਼ੁਰ ਦੀ ਰਚਨਾ ਕਰਕੇ ਕੋਣ ਹਾਂ ਅਤੇ ਉੱਸ ਹੋਂਦ ਨੂੰ ਉਹ ਵਿਅਕਤੀ ਹੋਣ ਲਈ ਸਮਪੂਰਣ ਕਰਨਾ ਸੀ । ਉਤਪਤ 1:26-28

ਪਰਮੇਸ਼ੁਰ ਦਾ ਪਹਿਲਾ ਪ੍ਰਸ਼ਣ ਇਨਸਾਨ ਨਾਲ ਸੀ "ਤੂੰ ਕਿਥੇ ਹੈਂ"? ਉਤਪਤ 3:9

ਪਰਮੇਸ਼ੁਰ ਦਾ ਦੁੱਜਾ ਪ੍ਰਸ਼ਣ ਸੀ "ਤੇਰਾ ਭਰਾ ਕਿੱਥੇ ਹੈ" ਉਤਪਤ 4:9

ਅ. ਪਰਮੇਸ਼ੁਰ ਦੀ ਆਦਮੀ ਤੇ ਔਰਤ ਦੇ ਮੁਢਲੀ ਉਦੇਸ਼ ਦਾ ਕੀ ਹੋਇਆ?
ਆਗਿਆ ਉਤਪਤ 2:17 ਨਤੀਜਾ ਉਤਪਤ 3:9,16,17

ਉਹ ਭਰਮਾਏ ਗਏ ਅਤੇ ਪਾਪ ਵਿੱਚ ਗਿਰ ਗਏ ।
ਆਦਮੀ ਨੇ ਪਰਮੇਸ਼ੁਰ ਦਾ ਵਿਰੋਧ ਕਿਤਾ ਉਤਪਤ 2:17, 3:9,16,17

- ਹਵਾ ਭਰਮਾਈ ਗਈ ਉਤਪਤ 3:1-5
- ਹਵਾ ਨੇ ਅੰਨਆਗਿਆਕਾਰੀ ਕੀਤੀ ਉਤਪਤ 3:6
- ਨਤੀਜਾ ਉਤਪਤ 3:7-24 ਹਵਾ ਦੀ ਪ੍ਰਭਾਵ ਪਾਉਣ ਦੀ ਸ਼ਕਤੀ
- ਪਰਮੇਸ਼ੁਰ ਤੋਂ ਅਲਗਾਵ ਸ਼ਰੀਰਕ ਮੌਤ

ਪਰਮੇਸ਼ੁਰ ਨੇ ਆਦਮ ਨੂੰ ਅਨਦ ਦੇ ਬਗੀਚੇ ਤੇ ਰਾਜ ਕਰਨ ਦਾ ਅਧਿਕਾਰ ਦਿਤਾ ਅਤੇ ਹੁਕੰਮ ਦਿੱਤਾ ਕੀ ਚੰਗੇ ਤੇ ਬੁਰੇ ਦੀ ਪਹਿਚਾਣ ਦੇ ਰੁੱਖ ਤੋਂ ਨਹੀਂ ਖਾਣ ।ਹਵਾ ਕੋਲ ਅਪਨੇ ਪਤੀ ਤੇ ਚੰਗਾ ਜਾਂ ਬੁਰੇ ਦਾ ਪ੍ਰਭਾਵ ਪਾਉਣ ਦੀ ਸ਼ਕਤੀ ਸੀ ।

ਪਾਪ ਨੇ ਉੱਸ ਬਗੀਚੇ ਵਿੱਚ ਪ੍ਰਵੇਸ਼ ਕਿਤਾ ਉਦੋਂ ਨਹੀਂ ਜਦੋਂ ਹਵਾ ਨੇ ਫਲ ਖਾਦਾ ਸਗੋਂ ਉਦੋਂ ਜਦੋਂ ਆਦਮ ਨੇ ਜਾਣਦੇ ਹੋਏ ਵੀ ਉੱਸ ਫਲ ਨੂੰ ਲੈ ਲਿਆ ।ਹਵਾ ਨੇ ਧੋਖਾ ਖਾਦਾ । ਆਦਮ ਨੇ ਨਹੀਂ ਪਰ ਉਹ ਉੱਸ ਔਰਤ ਨਾਲ ਪਿਆਰ ਕਰਦਾ ਸੀ ਜਿਹੜੀ ਪਰਮੇਸ਼ੁਰ ਨੇ ਉਹਦੇ ਲਈ ਬਨਾਈ ਸੀ ਇਨ੍ਹਾਂ ਕੀ ਉੱਸ ਨਾਲ ਮਰਨ ਤਕ ।

ਉਦਾਹਰਣ: ਯਿਸੂ ਸਾਡੇ ਨਾਲ ਇਨ੍ਹਾਂ ਪਿਆਰ ਕਰਦੇ ਨੇ ਕੀ ਸ਼ਾਡੀ ਜਗਹ ਮਰਨ ਤਕ ।

ਪਾਪ ਦੇ ਨਤੀਜੇ:

1. ਆਦਮੀ ਪਰਮੇਸ਼ੁਰ ਤੋਂ ਵੱਖਰਾ ਕਿਤਾ ਗਿਆ ਹੈ, ਪਰਮੇਸ਼ੁਰ ਤੋਂ ਅਲਗ ਕਿਤਾ ਗਿਆ ।
   - ਉਹ ਪਰਮੇਸ਼ੁਰ ਤੋਂ ਲੁਕਦਾ ਹੈ, ਉਤਪਤ 3:8,9; ਪਰਮੇਸ਼ੁਰ ਦਾ ਉਹਨੂੰ ਭੈ ਹੈ 3:10
   - ਪਰਮੇਸ਼ੁਰ ਦੀ ਹੋਂਦ ਦਾ ਇੰਕਾਰ ਕਰਦਾ ਹੈ, ਰੋਮੀਆਂ 1:20-22
   - ਪਰਮੇਸ਼ੁਰ ਨਾਲ ਕੋਈ ਵਿਕਤੀਗੱਤ ਰਿਸ਼ਤਾ ਨਹੀਂ ਹੈ
   - ਉਤਪਤ 4:14-16 ਰੋਮੀਆਂ 6:23
2. ਆਦਮੀ ਦਾ ਔਰਤ ਨਾਲ ਸ਼ਾਦੀ ਦੇ ਜੀਵਨ ਵਿੱਚ ਝੱਗੜਾ ਰਹਿੰਦਾ ਹੈ 1 ਤਿਮੋਥਿਉਸ 2:14
   - ਉਹ ਓੱਸ ਨੂੰ ਪੂਰਾ ਨਹੀਂ ਕਰਦੀ, ਪਰ ਉੱਸ ਨਾਲ ਪੂਰਾ ਹੁੰਦਿ ਹੈ, ਉਹ “ਇਕ” ਨਹੀਂ ਰਹਿ ਗਏ ਪਰ ਟੁੱਕੜੇ ਹੋ ਗਏ, ਕਰਮ ਤੋਂ ਬਾਹਰ, ਖ਼ੁੱਦ ਕੇਂਦ੍ਰਿਤ ।
3. ਆਦਮੀ ਅਪਨੇ ਹੀ ਭਰਾ ਨੂੰ ਮਾਰ ਦਿੰਦਾ ਹੈ, ਈਰਖਾ ਰੱਖਦਾ, ਦੁਸ਼ਮਣੀ, ਲਾਲੱਚ ਤੇ ਨਫਰੱਤ ਅਪਨੇ ਹੀ ਭਰਾ ਦੇ ਨਾਲ । ਖ਼ੁੱਦ-ਕੇਂਦ੍ਰਿਤ । ਉਤਪਤ 4 ਕਇਨ ਤੇ ਹਾਬਲ
4. ਆਦਮੀ ਕੰਮ ਕਰਦਾ ਹੈ, ਜੀਵਨ, ਦਬਾਵ ਵਾਲਾ ਹੋ ਗਿਆ, ਖਾਲੀ, ਦਿਖਾਵੇ ਵਾਲਾ, ਅਸੰਤੁਸ਼ਟ, ਉੱਸ ਦੇ ਵਾਤਾਵਰਣ ਦਾ ਨਾਸ਼ ਹੋ ਰਿਹਾ ਹੈ ।
5. ਆਦਮੀ ਸਿਰਜਣਹਾਰ ਦਾ ਜਿੱਸ ਉੱਸ ਨੂੰ ਬਣਾਇਆ ਹੈ ਇੰਨਕਾਰ ਕਰਦਾ ਹੈ ਅਤੇ ਉਹ ਜੋ ਪਰਮੇਸੂਰ ਨੇ ਉੱਸ ਨੂੰ ਬਣਾਇਆ ਹੈ ਦਾ ਵੀ ਇੰਨਕਾਰ ਕਰਦਾ ਹੈ ਅਤੇ ਉਹ ਬਣਨ ਤੇ ਜੋਰ ਮਾਰਦਾ ਹੈ ਜੋ ਉਹ ਹੈ ਨਹੀਂ ।
ਰੋਮੀਆਂ 1:21,25

## ੲ. ਪਰਮੇਸ਼ੁਰ ਮਨੁੱਖਾਂ ਲਈ ਅਪਨੇ ਮੁਢਲੇ ਉਦੇਸ਼ ਨੂੰ ਬਹਾਲ ਕਰਦਾ ਹੈ

1. ਪਰਮੇਸ਼ੁਰ ਸਾਡੇ ਨਾਲ ਸੰਗਤ ਰੱਖਣ ਦੀ ਇੱਛਾ ਰਖਦਾ ਹੈ, ਹੁਣ ਅਸੀਂ ਉੱਸ ਦੇ ਪਰਿਵਾਰ ਦਾ ਇੱਕ ਹਿਸਾ ਬਣ ਸਕਦੇ ਹਾਂ । ਪ੍ਰਕਾਸ਼ ਦੀ ਪੋਥੀ 3:20, ਯੂਹੰਨਾ 1:12, 2 ਕੁਰਿੰਥੀਆਂ 5:18-21; ਫਿਲਿੱਪੀਆਂ 2:6-11

2. ਅਸੀਂ ਪਰਮੇਸ਼ੁਰ ਨਾਲ ਸਦੀਪਕ ਜੀਵਨ ਪ੍ਰਾਪਤ ਕਰ ਸਕਦੇ ਹਾਂ, ਅਸੀਂ ਨੀਜ਼ੀ ਤੋਰ ਤੇ ਪਰਮੇਸ਼ੁਰ ਨੂੰ ਜਾਣ ਸਕਦੇ ਹਾਂ, ਅਸੀਂ ਨਿੱਤ ਉੱਸ ਨਾਲ ਚੱਲ ਸਕਦੇ ਹਾਂ । ਯੂਹੰਨਾ 11:25,26; 3:17,18: 6:35; 14:6 ਇਬਰਾਨੀਆਂ 11:6, 1 ਯੂਹੰਨਾ 5: 11-13 ; 1 ਤਿਮੋਥੀਉਸ 2:5, ਇੱਕ ਪਰਮੇਸ਼ੁਰ , ਇੱਕ ਵਿੱਚੋਲਾ - ਯਿਸੂ ।

3. ਸ਼ਾਦੀ ਦਾ ਰਿਸ਼ਤਾ ਸਹੀ ਤਰਤੀਬ ਨਾਲ ਬਹਾਲ ਹੋ ਸਕਦਾ ਹੈ
ਅਫ਼ਸੀਆਂ 5:22-31 ਅਸੀਂ ਇੱਕ ਆਤਮਾ, ਪ੍ਰਾਣ ਤੇ ਦੇਹ ਹੋ ਸਕਦੇ ਹਾਂ

4. ਯਿਸੂ ਆਇਆ ਤਾਂ ਜੋ ਸਾਨੂੰ ਜੀਵਨ ਮਿਲੇ ਯੂਹੰਨਾ 10:10. ਸ਼ਾਡਾ ਕੰਮ, ਸਾਡਾ ਜੀਵਨ ਆਨੰਦ ਤੇ ਭਰਪੂਰੀ ਵਾਲਾ ਹੋ ਸਕਦਾ ਹੈ ।ਸਾਡਾ ਦੂੱਜਿਆਂ ਨਾਲ ਰਿਸ਼ਤਾ ਉਹੋ ਜਿਹਾ ਹੀ ਹੋ ਸਕਦਾ ਹੈ ਜਿਵੇਂ ਪਰਮੇਸ਼ੁਰ ਨੇ ਸ਼ੁਰੂ ਤੋਂ ਹੀ ਚਾਹਿਆ ਸੀ । ਕੁਲਸੀਆਂ 3:17-23

5. ਅਸੀਂ ਸੱਬੇ ਉਹ ਹੋ ਸਕਦੇ ਹਾਂ ਜੋ ਪਰਮੇਸ਼ੁਰ ਨੇ ਸਾਡੇ ਲਈ ਚਾਹਿਆ ਸੀ, ਕਿਉਂ ਜੋ ਸਾਡੀ ਰਚਨਾਂ ਉੱਸ ਦੇ ਰੂਪ ਵਿੱਚ ਹੋਈ, ਅਸੀਂ ਉੱਸ ਦੇ ਕਾਮੇਂ ਹਾਂ, ਅਫ਼ਸੀਆਂ 2:10. ਅਸੀਂ ਭਰਪੂਰ ਹੋ ਜਾਂਦੇ ਹਾਂ ਉਹ ਹੋਣ ਕਰਕੇ ਜੋ ਉੱਸ ਨੇ ਸਾਨੂੰ ਬਣਾਇਆ ਸੀ । ਰੋਮੀਆਂ 12:2; 2ਕੁਰਿੰਥੀਆਂ 5:15,18,20

**"ਪਰਮੇਸ਼ੁਰ ਦਾ ਰਾਜ ਧਾਰਮਿਕਤਾ, ਸ਼ਾਂਤੀ ਤੇ ਆਨੰਦ ਹੈ"**

## ਬਨਾਉਣ ਵਾਲਾ ਮਾਲਕ

1. **ਸਹੀ** ਤਿਆਰ ਕਿਤਾ ਕਪੜਾ
ਸਹੀ ਮਾਲ ਚੁਣਦਿਆਂ ਕਿਹਾ ਜਾਂਦਾ ਹੈ ਕੀ ਜਦੋਂ ਇੱਹ ਤਿਆਰ ਕਿਤਾ ਜਾਵੇਗਾ ਤਾਂ ਕੈਸਾ “ਦਿੱਖੇਗਾ”, “ਮਹਿਸੂਸ” ਹੋਵੇਗਾ ਅਤੇ ਇੱਹ ਕਿਵੇਂ “ਢੁੱਕੇਗਾ”

ਜਬੂਰਾਂ ਦੀ ਪੌਥੀ 139
ਅਫ਼ਸੀਆਂ 1:4,5,6,11
2:10
2 ਤਿਮੋਥਿਉਸ 1:9

2. ਇੱਕ ਨਮੂਨਾ ਹਿਦਾਇਤਾਂ ਦੇ ਗਾਈਡ ਨਾਲ ਉਦਾਹਰਣ ਬਾਈਬੱਲ

3. ਜਰੂਰੀ ਸਾਧਨ – ਪਰਮੇਸ਼ੁਰ ਵਸੀਲੇ ਦਿੱਤੇ ਗਏ
ਜੋਗਤਾਂਵਾਂ, ਆਤਮਕ ਵਰਦਾਣ, ਤੋਲੇ, ਸੁਭਾਵ, ਸੁਭਾਵਿਕ ਵਰਦਾਣ

4. ਪਰਮੇਸ਼ੁਰ ਇੱਹ ਸੱਬ ਕੁੱਝ ਦਿੰਦਾ ਹੈ ਅਤੇ ਕਹਿੰਦਾ ਹੈ ਕਿ ਹੁਣ ਉਹ ਬਣ ਜਾਓ ਜੋ ਮੈਂ ਤੁਹਾਨੂੰ ਬਣਾਇਆ ਹੈ ।

5. ਪਰਮੇਸ਼ੁਰ ਸਾਨੂੰ “ਅਜ਼ਾਦੀ” ਦਿੰਦਾ ਹੈ ਚੋਣ ਦੀ ਜੋ ਅਸੀਂ ਕਰਦੇ ਹਾਂ ਉਸ ਨਾਲ ਜੋ ਸਾਨੂੰ ਦਿਤਾ ਗਿਆ ਹੈ । ਰੋਮੀਆਂ 6:16, ਯੂਹੰਨਾ 10:10

**ਸ਼ਾਡੇ ਕੋਲ ਸਾਡੀਆਂ ਖੁਸ਼ੀਆਂ ਦੀ “ਕੂੰਜੀ” ਹੈ** ਸਾਡੀ ਅਜ਼ਾਦੀ ਦੀ ਚੋਣ ਦੇ ਰਾਹੀ ।

ਹਿੱਪੋਕ੍ਰੇਟਸ – ਦਵਾਈਆਂ ਦਾ ਪਿਤਾ:

ਉੱਸ ਨੇ ਇੱਹ ਸਿੱਧਾਂਤ ਦਿੱਤਾ ਕਿ ਹਰ ਮਨੁੱਖ ਦੇ ਸ਼ਰੀਰ ਵਿੱਚ ਚਾਰ ਪ੍ਰਕਾਰ ਦੇ ਬੁਨਿਯਾਦੀ ਤਰਲ ਹੁੰਦੇ ਹਣ ।ਇੱਹ ਨਿਸ਼ਕਰਸ਼ ਕਢਣ ਵਾਲੇ ਸਾਧਨ ਸੀ ਕਿ ਇੱਕ ਇਨਸਾਨ ਕਿਵੇਂ **ਕੰਮ ਕਰਦਾ** ਹੈ, ਇਸਤ੍ਰੀ ਜਾਂ ਪੁਰੁਸ਼ ਦੀ **ਸ਼ਖਸੀਅਤ ਗੁਣ** ।

1. ਖੁਨ – (ਗਰਮ), **ਆਸ਼ਾਵਾਦੀ** – ਉੱਚਾ ਰੰਗ ਤੇ ਖੁਸ਼ਹਾਲ
2. ਕਾਲਾ ਪਿੱਤਾ – (ਸਿੱਲਾ) **ਗਮਗੀਨ** – ਚਿੰਤਨਸੀਲ,ਉਦਾਸੀਨ
3. ਪੀਲਾ ਪਿੱਤਾ – (ਖੁੱਸ਼ਕ) **ਗੁੱਸੈਲ** – ਅਸਾਨੀ ਨਾਲ ਗੁਸੇ ਵਿੱਚ ਆ ਜਾਨਾ
4. ਭਾਵਹੀਣਤਾ (ਠੰਡਾ ਜਾਂ ਗਾੜਾ) **ਭਾਵਹੀਣ** –ਧੀਮਾ, ਆਲਸੀ

**ਕਾਹਾਉਤਾਂ:**

30:11 *"ਅਜੇਹੇ ਲੋਕ ਵੀ ਹਨ ਜਿਹੜੇ ਆਪਣੇ ਪਿਉ ਨੂੰ ਫਿਟਕਾਰਦੇ, ਅਤੇ ਆਪਣੀ ਮਾਂ ਨੂੰ ਮੁਬਾਰਕ ਨਹੀਂ ਕਹਿੰਦੇ" ।*

**ਗਮਗੀਨ** – ਨਾਸ਼ੁਕਰਾ, ਆਲੋਚਨਾਤਮਕ, ਦੋਸ਼ ਕਢਣ ਵਾਲਾ,

30:12 *"ਅਜੇਹੇ ਲੋਕ ਵੀ ਹਨ ਜਿਹੜੇ ਆਪਣੀ ਨਿਗਾਹ ਵਿੱਚ ਤਾਂ ਸੁੱਧ ਹਨ, ਪਰ ਉਨ੍ਹਾਂ ਦੀ ਪਲੀਤੀ ਧੋਤੀ ਨਹੀਂ ਗਈ" ।*

**ਭਾਵਹੀਣ** – ਖੁਦ-ਸੰਤੁਸ਼ਟ, ਅਪਨੇ ਪਾਪਾਂ ਨੂੰ ਨਹੀਂ ਦੇਖ ਸਕਦਾ, ਖੁੱਦ ਧਰਮੀ, ਅੱਛਾ ਇਨਸਾਨ ।

30:13 *"ਅਜੇਹੇ ਲੋਕ ਵੀ ਹਨ ਜੋ ਓਹੋ! ਓਹਨਾਂ ਦੀ ਦ੍ਰਿਸ਼ਟ ਕਿਹੀ ਘੁਮੰਡ ਭਰੀ ਹੈ, ਅਤੇ ਓਹਨਾਂ ਦੀਆਂ ਪਲਕਾਂ ਕੇਹੀਆਂ ਉਤਾਹਾਂ ਨੂੰ ਉਠੀਆਂ ਰਹਿੰਦੀਆਂ ਹਨ" !*

**ਆਸ਼ਾਵਾਦੀ** – ਖੁੱਦ ਨੂੰ ਉੱਚਿਆਂ ਕਰਨਾ,ਆਤਮ ਕੇਂਦ੍ਰਤ

30:14 *"ਅਜੇਹੇ ਲੋਕ ਵੀ ਹਨ ਜਿਨ੍ਹਾਂ ਦੇ ਦੰਦ ਤਲਵਾਰਾਂ ਅਤੇ ਦੜ੍ਹਾਂ ਛੁਰੀਆਂ ਹਨ, ਭਈ ਉਹ ਮਸਕੀਨਾਂ ਨੂੰ ਧਰਤੀ ਉੱਤੋਂ ਅਤੇ ਕੰਗਾਲਾਂ ਨੂੰ ਆਦਮੀਆਂ ਵਿੱਚੌ ਖਾ ਜਾਣ" ।*

**ਗੁੱਸੈਲ** – ਤੇਜ, ਕੌੜੀ ਜੁਬਾਣ

## **ਅਧੀਨਤਾ**

ਇੱਕ ਢਾਂਚਾ ਜਿਹੜਾ ਸ਼ਾਦੀ ਨੂੰ ਸਹਾਰਾ ਦਿੰਦਾ ਹੈ

ਅਧੀਨਤਾ ਹੈ : **ਦਿੱਲ ਦਾ ਵਤੀਰਾ ਹੈ** ਜਿੱਥੇ ਅਸੀਂ ਤਿਆਰ ਹੋ ਜਾਂਦੇ ਹਾਂ ਕਿ ਦੁੱਜਿਆਂ ਦੀ **ਜਰੂਰਤਾਂ, ਇੱਛਾਵਾਂ, ਹੱਕ, ਤੇ ਪ੍ਰਤਿਸਠਾ** ਨੂੰ ਅਪਣਿਆਂ ਦੇ ਅੱਗੇ ਰੱਖਦੇ ਹਾਂ, ਯਿਸੂ ਨੂੰ ਆਦਰ ਦੇਨ ਲਈ ।

**ਫ਼ਿਲਿੱਪੀਆਂ**: 2:1-8

**ਰੋਮੀਆਂ** 12:3,10,17

**ਤੀਤੁਸ** 3:1,2

**ਕੁਲੁੱਸੀਆਂ** 3:17,18

ਅਧੀਨਗੀ ਇੱਕ **ਚੋਣ** ਹੈ ਜਿਹੜਾ ਅਸੀਂ ਕਰਦੇ ਹਾਂ

ਜਿਵੇਂ ਕੀ ਫੋਜ ਵਿੱਚ ਕਿਸੇ ਜਗਹ ਦੀ ਨਿਯੁਕਤੀ ਉਦਾਹਰਣ 1 ਕੁਰਿੰਥੀਆਂ 11:3

ਅਧੀਨਗੀ ਦੇ ਨਤੀਜੇ:

ਵਿਕਤੀਗੱਤ ਵਦਨਾ ਤੇ ਪੂਰਣਤਾ

ੳ. ਮਸੀਹ ਵਿੱਚ ਵਦਨਾ ਯੂਹੰਨਾ 14:21
ਅ. ਆਨੰਦ ਜਬੂਰਾਂ ਦੀ ਪੋਥੀ 16:11 ਅਫ਼ਸੀਆਂ 5:18-21
ੲ. ਸ਼ਾਂਤੀ ਗਲਾਤੀਆਂ 5:22 ਫ਼ਿਲਿੱਪੀਆਂ 4:6,7
ਸ. ਸੁੰਦਰਤਾ 1 ਪਤਰਸ 3:3,4
ਹ. ਬੱਲ ਫ਼ਿਲਿੱਪੀਆਂ 4:13
ਕ. ਪਰਮੇਸ਼ੁਰ ਦੀ ਸੁਰੱਖਿਆ ਜਬੂਰ 91:1, 1 ਕੁਰਿੰਥੀਆਂ 10:13
ਖ. ਅਜ਼ਾਦੀ 2 ਕੁਰਿੰਥੀਆਂ 3:7
ਗ. ਪ੍ਰੇਮ ਗਲਾਤੀਆਂ 5:22
ਜ. ਸੁਰੱਖਿਆ ਕਹਾਉਤਾਂ 18:10

**ਸਹਾਇਕ ਸਾਥੀ, ਸਹਾਇਕ:**

ਉਹ ਜਿਹੜੀ ਅਪਣੇ ਪਤੀ ਦੀ ਸਹਾਇਤਾ ਕਰਦੀ ਹੈ ਉਹ ਬਣ ਜਾਂਦਾ ਹੈ ਜੋ ਪਰਮੇਸ਼ੁਰ ਨੇ ਚਾਹਿਆ ਕੀ ਉਹ ਹੋਵੇ ।
ਉਹ ਬਣਨ ਦੇ ਰਾਹੀ ਜੋ ਪਰਮੇਸ਼ੁਰ ਨੇ ਚਾਹਿਆ ਕੀ ਉਹ ਹੋਵੇ ।

ਸਹਾਇਕ ਸਾਥੀ:

ਤੇਰੇ ਤੇ ਵਿਸ਼ਵਾਸ ਕਰਦਾ ਹੈ
ਤੈਨੂੰ ਕਬੂਲਦਾ ਹੈ ਤੂੰ ਜੈਸੀ ਹੀ ਹੈ
ਤੈਨੂੰ ਸਮਝੱਦਾ ਹੈ
ਤੇਰੇ ਵਿੱਚ ਰੂਚੀ ਰੱਖਦਾ ਹੈ
ਤੇਰੇ ਲਈ ਮਦਦਗਾਰ ਹੈ

ਅਧੀਨਤਾ ਹੈ ਪ੍ਰੇਮ ਕ੍ਰਿਆਸ਼ੀਲ, ਇਹ ਤੁਹਾਡੇ ਪਤੀ ਤਕ ਇਹ ਸੰਦੇਸ਼ਾ ਦਿੰਦਾ ਹੈ ਕਿ ਉਹ ਜਿਆਦਾ ਮੁੱਲਵਾਨ ਹੈ ਅਤੇ ਉਸ ਦੀ ਜਰੂਰਤਾਂ ਤੁਹਾਡੀਆਂ ਜਰੂਰਤਾਂ ਨਾਲੋਂ ਵੱਧ ਮਹਤਵਪੂਰਣ ਹੈ ।

## ਪਰਿਵਾਰ ਲਈ ਬਣਾਉਨਾਂ

ਕਹਾਉਤਾਂ 24:3,4

**ਬੁੱਧ ਨਾਲ** ਘਰ ਬਣਾਈਦਾ ਹੈ (ਇਕ ਜੀਵਨ, ਇਕ ਘਰ, ਇਕ ਪਰਿਵਾਰ) ਅਤੇ **ਸਮਝ ਨਾਲ** ਉਹ ਅਸਥਿਰ ਰਹਿੰਦਾ ਹੈ ।**ਗਿਆਨ** ਦੇ ਰਾਹੀਂ ਉਹ ਦੀਆਂ ਕੋਠੜੀਆਂ ਸਭ ਪਰਕਾਰ ਦੇ ਅਣਮੁੱਲ ਅਤੇ ਮਨ ਭਾਉਂਦੇ ਪਦਾਰਥਾਂ ਨਾਲ ਭਰਦੀਆਂ ਹਨ ।

" ਇਕ **ਬੁੱਧਵਾਨ** ਤੀਵੀਂ **ਅਪਣੇ** ਘਰ ਨੂੰ ਬਣਾਉਂਦੀ ਹੈ". . . .

ਕਹਾਉਤਾਂ 14:1 **ਬੁੱਧਵਾਨ** ਤੀਵੀਂ ਤਾਂ ਓਾਪਣਾ ਘਰ ਬਣਾਉਂਦੀ ਹੈ, ਪਰ **ਮੂਰਖਣੀ** ਆਪਣੀਂ ਹੀ ਹੱਥੀਂ ਉਹ ਨੂੰ ਢਾਹ ਦਿੰਦੀ ਹੈ ।

"ਮੂਰਖਣੀ" - - ਮਲੀਨ, ਬੁੱਧੂ, ਪਰਮੇਸ਼ੁਰ ਦੀਆਂ ਗਲਾਂ ਵਿੱਚ ਸੁਸਤ, ਵਿਨਾਸ਼ ਵਲ ਝੁਕਾਵ, ਨਿਰਬੁੱਧ, ਸਿੱਧੜ (ਖਾਲੀ ਸਿਰ)

ਕਹਾਉਤਾਂ 18:6,7,21

21:23

ਕਹਾਉਤਾਂ 12:15 "**ਮੂਰਖ** ਦੀ ਚਾਲ ਉਹ ਦੀ ਆਪਣੀ ਨਿਗਾਹ ਵਿੱਚ ਚੰਗੀ ਹੈ, ਪਰ '**ਬੁੱਧਵਾਨ**' ਸਲਾਹ ਨੂੰ ਮੰਨ ਲੈਂਦਾ ਹੈ ।

15:32 "ਸਿੱਖਿਆ ਨੂੰ ਰੱਦ ਕਰਨ ਵਾਲਾ ਆਪਣੀ ਹੀ ਜਾਨ ਨੂੰ ਤੁੱਛ ਜਾਣਦਾ ਹੈ, ਪਰ ਜੋ ਤਾੜ ਵੱਲ ਕੰਨ ਲਾਉਂਦਾ ਹੈ ਉਹ ਸਮਝ ਪ੍ਰਾਪਤ ਕਰਦਾ ਹੈ" ।

9:12,13 "ਜੇ ਤੂੰ ਬੁੱਧਵਾਨ ਹੈਂ ਤਾਂ ਤੂੰ ਆਪਣੇ ਲਈ ਬੁੱਧਵਾਨ ਹੈਂ, ਪਰ ਜੇ ਤੂੰ ਮਖੌਲੀਆ ਹੈਂ ਤਾਂ ਤੂੰ ਇਕੱਲਾ ਹੀ ਉਹ ਨੂੰ ਚੁੱਕੇਂਗਾ" ।

31:10 "**ਪਤਵੰਤੀ** ਇਸਤ੍ਰੀ (ਤੀਵੀਂ) ਕਿਹਨੂੰ ਮਿਲਦੀ ਹੈ"?

ਯੋਗ, ਬੁੱਧੀਮਾਨ, ਸਤਵਾਦੀ ਤੀਵੀਂ, ਬੱਲ ਰਖਣ ਵਾਲੀ, ਉਪਯੋਗ, ਬਹਾਦੁਰ, ਯੌਗਤਾ, ਜਾਣਦਾਰ,ਅਸਲੀ ਮਤਲਬ - ਇਕ ਐਸੀ ਤਾਕਤ ਜਿਹੜੀ ਇਰਾਦੇ ਤੇ ਮਜਬੂਤ ਚਰਿਤ੍ਰ ਨੂੰ ਪੈਦਾ ਕਰਦਾ ਹੈ - ਉਸੇ ਤਰਾਂ ਜਿਵੇਂ ਇਸਰਈਲੀ ਨਿਆਈਆਂ ।

12:4 "ਪਤਵੰਤੀ ਤੀਵੀਂ (ਪਤਨੀ) ਆਪਣੇ ਪਤੀ ਦਾ ਮੁਕਟ ਹੈ (ਤਾਜ ਦੀ ਖੁਸ਼ੀ), ਪਰ ਖੱਜਲ ਕਰਨ ਵਾਲੀ ਉਹ ਦੀਆਂ ਹੱਡੀਆਂ ਦਾ **ਸਾੜਾ** (ਜਿਵੇਂ ਕੀੜਾ ਖਾ ਜਾਵੇ) ਹੈ" ।

## ਪਰਮੇਸ਼ੁਰ ਦਾ ਰਾਜ

ਮੱਤੀ 6:33

ਪਰ ਤੁਸੀਂ ਪਹਿਲਾਂ ਉਹ ਦੇ ਰਾਜ ਅਤੇ ਉਹ ਦੇ ਧਰਮ (ਉਸ ਦਾ ਕਰਨਾ ਅਤੇ ਸਹੀ ਹੋਨਾ) ਨੂੰ ਭਾਲੋ (ਨਿਸ਼ਾਨਾ ਰਖੋਂ ਅਤੇ ਪਿੱਛੇ ਲਗੇ ਰਹੋ) ਤਾਂ ਤੁਹਾਨੂੰ ਏਹ ਸਾਰੀਆਂ ਵਸਤਾਂ ਵੀ ਦਿੱਤੀਆਂ ਜਾਣਗੀਆਂ ।

ਰੋਮੀਆਂ 14:17

ਕਿਉਂ ਜੋ ਪਰਮੇਸ਼ੁਰ ਦਾ ਰਾਜ ਖਾਨਾ ਤੇ ਪੀਨਾ ਨਹੀਂ ਹੈ ਪਰ

(1) **ਧਾਰਮਿਕਤਾ** (2) **ਸ਼ਾਂਤੀ** ਤੇ (3) **ਆਨੰਦ** ਪਵਿਤ੍ਰ ਆਤਮਾ ਵਿੱਚ ।

1. ਧਾਰਮਿਕਤਾ ਸਹੀ ਰਿੱਸ਼ਤਾ

    1) ਸਾਡਾ ਪਰਮੇਸ਼ੁਰ ਨਾਲ ਰਿੱਸ਼ਤਾ
    2) ਸਾਡਾ ਆਪਣੇ ਆਪ ਨਾਲ ਰਿੱਸ਼ਤਾ
    3) ਸਾਡਾ ਪੜੋਸਿਆਂ (ਦੂੱਜਿਆਂ) ਨਾਲ ਰਿੱਸ਼ਤਾ

ਸਹੀ ਰਿੱਸ਼ਤੇ ਨਾਲ ਪੈਦਾ ਹੂੰਦਾ ਹੈ

2. ਸ਼ਾਂਤੀ ਪਰਮੇਸ਼ੁਰ, ਅਪਣੇ ਆਪ, ਦੂੱਜਿਆ ਦੇ ਨਾਲ

3. ਆਨੰਦ ਪਰਮੇਸ਼ੁਰ ਵਿੱਚ, ਅਪਣੇ ਚ, ਦੂੱਜਿਆਂ ਚ

4. ਪਵਿਤ੍ਰਆਤਮਾ ਵਿੱਚ (ਕੇਵਲ ਪਵਿਤ੍ਰਆਤਮਾ ਰਾਹੀ ਸੰਭਵ ਹੈ)

## **ਯੋਗ ਚੱਲੋ**

ਫ਼ਿਲਿੱਪੀਆਂ 1:27
ਨਿਰੀ ਤੁਸੀਂ ਮਸੀਹ ਦੀ ਖੁਸ਼ ਖਬਰੀ ਦੇ ਜੋਗ ਚਾਲ ਚੱਲੋ ਇਸ ਲਈ ਜੋ ਮੈਂ ਭਾਵੇਂ ਆਣ ਕੇ ਤੁਹਾਨੂੰ ਮਿਲਾਂ ਭਾਵੇਂ ਤੁਹਾਥੋਂ ਪਰੋਖੇ ਹੋਵਾਂ ਪਰ ਤੁਹਾਡੀ ਇਹ ਵਿਥਿਆ ਸੁਣਾਂ ਭਈ ਤੁਸੀਂ **ਇੱਕੋ ਆਤਮਾ** ਵਿੱਚ ਦ੍ਰਿੜ੍ਹ ਅਤੇ **ਇੱਕ ਮਨ** ਹੋ ਕੇ ਖੁਸ਼ ਖਬਰੀ ਦੀ ਨਿਹਚਾ ਲਈ ਜਤਨ ਕਰਦੇ ।

ਫ਼ਿਲਿੱਪੀਆਂ 3:16,17
ਪਰ ਜਿੱਥੋਂ ਤੋੜੀ ਅਸੀਂ ਅੱਪੜੇ ਹਾਂ ਉਸੇ ਦੇ ਅਨੁਸਾਰ ਚੱਲੀਏ ।

ਹੇ ਭਰਾਵੋ, ਤੁਸੀਂ ਰਲ ਕੇ ਮੇਰੀ ਰੀਸ ਕਰੋ ਅਤੇ ਉਨ੍ਹਾਂ ਵੱਲ ਧਿਆਨ ਰੱਖੋ ਜੋ ਇਹੋ ਜਿਹੀ ਚਾਲ ਚੱਲੀਦੇ ਹਨ ਜਿਵੇਂ ਅਸੀਂ ਤੁਹਾਡੇ ਲਈ ਨਮੂਨੇ ਹਾਂ ।

ਫ਼ਿਲਿੱਪੀਆਂ 4:9
ਜੋ ਕੁਝ ਤੁਸਾਂ **ਸਿੱਖਿਆ** ਅਤੇ **ਮੰਨ ਲਿਆ** ਅਤੇ **ਸੁਣਿਆ** ਅਤੇ ਮੇਰੇ ਵਿੱਚ **ਡਿੱਠਾ** ਓਹੀਓ ਕਰੋ ਤਾਂ ਸ਼ਾਂਤੀ ਦਾਤਾ ਪਰਮੇਸ਼ੁਰ ਤੁਹਾਡੇ ਅੰਗ ਸੰਗ ਹੋਵੇਗਾ ।

ਅਫ਼ਸੀਆਂ 4:1,2,3
ਉਪਰੰਤ ਮੈਂ ਜੋ ਪ੍ਰਭੂ ਦੇ ਨਮਿੱਤ ਕੈਦੀ ਹਾਂ ਤੁਹਾਡੇ ਅੱਗੇ ਇਹ ਬੇਨਤੀ ਕਰਦਾ ਹਾਂ ਜੋ ਤੁਸੀਂ ਜਿਸ ਸੱਦੇ ਨਾਲ ਸੱਦੇ ਹੋਏ ਉਹ ਦੇ **ਜੋਗ ਚਾਲ ਚੱਲੋ** ।

ਅਰਥਾਤ ਪੂਰਨ ਅਧੀਨਗੀ, ਨਰਮਾਈ, ਅਤੇ ਧੀਰਜ ਸਹਿਤ ਪ੍ਰੇਮ ਨਾਲ ਇੱਕ ਦੂਜੇ ਦੀ ਸਹਿ ਲਵੋ ।

ਅਤੇ ਮਿਲਾਪ ਦੇ ਬੰਧ ਵਿੱਚ ਆਤਮਾ ਦੀ ਏਕਤਾ ਦੀ ਪਾਲਨਾ ਕਰਨ ਦਾ ਜਤਨ ਕਰੋ ।

ਅਫ਼ਸੀਆਂ 5:8, 15, 17
ਕਿਉਂ ਜੋ ਤੁਸੀਂ ਅੱਗੇ ਅਨ੍ਹੇਰਾ ਸਾਓ ਪਰ ਹੁਣ ਪ੍ਰਭੂ ਵਿੱਚ ਹੋ ਕੇ ਚਾਨਣ ਹੋ, ਤੁਸੀਂ ਚਾਨਣ ਦੇ ਪੁਤ੍ਰਾਂ ਵਾਂਗੁ **ਚੱਲੋ** ।

ਸੋ ਚੌਕਸੀ ਨਾਲ ਵੇਖੋ ਭਈ ਤੁਸੀਂ ਕਿੱਕੁਰ **ਚੱਲਦੇ** ਹੋ, ਨਿਰਬੁੱਧਾਂ ਵਾਂਗੁ ਨਹੀਂ ਸਗੋਂ **ਬੁੱਧਵਾਨਾਂ** ਵਾਂਗੁ ।

ਇਸ ਕਾਰਨ ਤੁਸੀਂ ਮੂਰਖ ਨਾ ਹੋਵੋ ਸਗੋਂ ਸਮਝੋ ਭਈ ਪ੍ਰਭੂ ਦੀ ਕੀ ਇੱਛਿਆ ਹੈ ।

ਕੁਲੁੱਸੀਆਂ 1:9-12
ਤਾਂ ਜੋ ਤੁਸੀਂ ਚੱਲੋ ( ਜੀਓ ਅਤੇ ਤੁਹਾਡਾ ਅਚਾਰ-ਵਿਹਾਰ ) ਇਹੋ ਜਿਹਾ ਹੋਵੇ ਜੋ ਪ੍ਰਭੂ ਦੇ ਜੋਗ ਹੋਵੇ . . . .

2:6
ਜਿਵੇਂ ਹੁਣ ਤੁਸੀਂ ਪ੍ਰਭੂ ਨੂੰ ਕਬੂਲ ਕਰ ਲਿਆ ਹੈ. . . .**ਚੱਲੋ,** ( ਆਪਣੇ ਜੀਵਨਾ ਨੂੰ ਅਨੂੰਸ਼ਾਸਿਤ ਕਰੋ ਅਤੇ ਆਚਾਰ ਵਿਹਾਰ ਰਖੋ )

3:3, 12-17
ਇਸ ਲਈ ਪਰਮੇਸ਼ੁਰ ਦੇ ਚੁਨਿਆਂ ਵਾਂਗ ਤੁਸੀਂ ਪਹਿਨ ਲਵੋ . . . .

3:18-24
ਪਤਨੀਆਂ .........
ਪਤੀ ................
ਬੱਚੇ ..................
ਨੌਕਰ ..............

ਤੀਤੁਸ 2: 1-15, 3:1-8

## ਪਤੀ - ਪਤਨੀ ਦਾ ਰਿਸ਼ਤਾ
## ਆਦ ਵਿੱਚ

"ਆਦ ਵਿੱਚ" ਆਦਮ ਤੇ ਹਵਾ ਚ ਪੂਰੀ "ਏਕਤਾ" ,"ਉਦੇਸ਼" ਤੇ "ਦਿਸ਼ਾ" ਸੀ ਕਿਉਂ ਜੋ ਉਨ੍ਹਾਂ ਦੀ ਇੱਛਾ ਪੂਰੀ ਤਰ੍ਹਾਂ ਇੱਕ ਤਾਰ ਸੀ ਪਰਮੇਸ਼ੁਰ ਦੀ ਇੱਛਾ ਨਾਲ ਇਸੇ ਕਰਕੇ ਉਹ ਇਕ ਦੁੱਜੇ ਨਾਲ ਸਿੱਧ "ਸਹਿਮੱਤੀ" ਵਿੱਚ ਸਣ । ਉਹ "ਆਤਮਾ" ਵਿੱਚ ਇੱਕ ਸਣ ਇੱਕ "ਮਣ" ਨਾਲ , "ਇੱਕਠੇ" "ਸੁਸਮਾਚਾਰ" ਦੇ ਵਿਸ਼ਵਾਸ ਲਈ ਯਤਨ ਕਰਦੇ ਜੋ ਕੀ ਪਰਮੇਸ਼ੁਰ ਦੀ ਇੱਛਾ ਹੈ ।

ਕਲਿਸੀਆ ਦੇ ਆਗੂ ਹੋਣ ਦੇ ਨਾਤੇ ਸਾਨੂੰ ਪਤੀ ਤੇ ਪਤਣੀ ਨੂੰ ਸ਼ਾਦੀ ਦਾ ਇਹੋ ਜਿਹਾ "ਉਧਾਹਰਣ" ਬਨਾਉਂਨਾ ਚਾਹਿਦਾ ਹੈ ਜੋ ਦੁਜਿਆਂ ਲਈ ਸ਼ਾਦੀ ਦਾ ਤੇ ਪਰਿਵਾਰਾਂ ਲਈ ਸਾਡੀ ਕਲਿਸੀਆ ਵਿਚ "ਨਮੂਨਾ" ਹੋਵੇ । ਤਾਂ ਜੋ ਅਸੀਂ ਕਹਿਏ "ਭਰਾਵੋ" "ਸਾਡੇ ਉਧਾਹਰਣ" ਵਿੱਚ ਸ਼ਾਮਲ ਹੋਵੋ । ਇਸ ਲਈ ਸਾਨੂੰ ਪਰਮੇਸ਼ੁਰ ਦੇ ਦਿੱਤੇ ਨਕਸ਼ੇ ਤੇ ਨਮੂਨੇ ਤੇ ਚਲਨਾ ਚਾਹਿਦਾ ਹੈ, ਜੋ ਕੀ ਉਸ ਦਾ ਵਚਣ ਹੈ ।

ਸ਼ੈਤਾਨ ਨੇ ਆਦਮੀ ਤੇ ਔਰਤ ਦੀ ਏਕਤਾ ਦੀ ਸਾਮਰਥ ਨੂੰ ਵੇਖਿਆ - ਇੱਕ ਦੁਜੇ ਨਾਲ ਅਤੇ ਪਰਮੇਸ਼ੁਰ ਦੇ ਨਾਲ ਪੂਰੀ ਸਹਿਮਤੀ - ਉਸ ਨੇ ਇੱਕ "ਯੋਜਨਾ" ਦੀ ਯੁਕਤੀ ਕੀਤੀ ਜੋ ਉਨ੍ਹਾਂ ਨੂੰ ਇੱਕ ਦੁਜ ਦੇ ਵਿਰੋਧ ਵਿੱਚ ਕਰੇ ਅਤੇ ਪਰਮੇਸ਼ੁਰ ਦੇ ਉਦੇਸ਼ ਦੇ ਵਿਰੋਧ ਵਿੱਚ ਕਰੇ ।

ਸ਼ੈਤਾਨ ਦੀ ਯੋਜਨਾ ਸੀ ਕੀ ਹਵਾ ਨੂੰ ਆਪਣੇ ਆਪ ਨੂੰ ਪਹਿਲਾਂ ਭਰਪੂਰ ਕਰਣ ਲਈ ਮਨਾ ਲਵੇ ਅਤੇ ਆਦਮ ਤੇ ਪਰਮੇਸ਼ੁਰ ਤੋਂ ਅਜ਼ਾਦ ਹੋਵੇ ।

ਜਦੋਂ ਪਾਪ ਆ ਗਿਆ ਤਾਂ ਅਸੀਂ **ਪਰਮੇਸ਼ੁਰ** ਸਾਡਾ ਕੇਂਦ੍ਰ ਦੀ ਜਗਹ **ਖੁਦ-ਕੇਂਦ੍ਰ** ਬਣ ਗਏ ਅਤੇ ਇਸੇ ਲਈ ਅਸੀਂ **ਦੁਜਾ-ਕੇਦ੍ਰ** ਹੋ ਗਏ ।

**ਹੁਣ ਨਹੀਂ ਕਰਦੇ "ਇਕਠੇ ਵਿਸ਼ਵਾਸ ਦੇ ਸੁਸਮਾਚਾਰ ਦਾ ਯਤਣ" ਪਰਮੇਸ਼ੁਰ ਦਾ ਉਦੇਸ਼ ।**

**ਖੁਦੀ-ਸੇਵਾ ਅਤੇ ਖੁਦ-ਭਰਪੂਰੀ** ਦੁਜਿਆਂ ਦੀ ਭਰਪੂਰੀ ਤੇ ਸੇਵਾ ਨਾਲੋ ਜਾਦਾ ਮਹਤਵਪੂਰਣ ਹੋ ਗਿਆ ।

ਜਦੋਂ ਪਾਪ ਆਦਮੀ ਤੇ ਔਰਤ ਵਿੱਚ ਆ ਗਿਆ ਤਾਂ ਉਹ **ਖੁਦ-ਕੇਂਦ੍ਰ** ਬਣ ਗਏ ।

ਉਤਪਤ 3:7,8 ਪਾਪ ਦੇ ਕਾਰਣ ਆਦਮ ਤੇ ਹਵਾ ਪਹਿਲਾ ਇਕ ਦੁਜੇ ਤੋਂ ਅਪਣੇ ਆਪ ਨੂੰ ਢੱਕ ਲਿਆ ਦੁਜਾ ਪਰਮੇਸ਼ੁਰ ਤੋਂ ਛੁਪ ਗਏ ।
ਉਹ ਗੜਬੜਾ ਗਏ ਕਿ ਉਨ੍ਹਾਂ ਦਾ ਦੁਸ਼ਮਣ ਕੋਣ ਹੈ ।

ਉਤਪਤ 3:12,13 ਉਨ੍ਹਾਂ ਅਪਣੇ ਪਾਪਾਂ ਦਾ ਇੱਕਰਾਰ ਕਰਣ ਤੋਂ ਤੇ ਤੋਬਾ ਕਰਣ ਤੋਂ ਇਨਕਾਰ ਕੀਤਾ ਇੱਸ ਤੋਂ ਉੱਲਟ, **ਦੋਸ਼** ਲਾਉਣ ਤੇ ਨਿਰਦੋਸ਼ ਕਿਉਂ ਤੇ ਕਿਵੇਂ ਉਨ੍ਹਾਂ ਨੇ ਕਿਤਾ ।
ਸਾਨੂੰ ਇਕ ਦੁਜੇ ਅਗੇ ਪਾਪਾਂ ਦਾ ਇਕਰਾਰ ਤੇ ਤੋਬਾ ਕਰਨੀ ਅਤੇ ਸ਼ਮਾ ਮਗਨੀਂ ਚਾਹਿਦੀ ਹੈ ।

**ਪਰ ਹੁਣ** ਅਸੀਂ **ਯਿਸੂ** ਦੇ ਕਾਰਣ ਵਾਪਸ ਆ ਸਕਦੇ ਹਾਂ ਕਿ “ਇੱਕ ਆਤਮਾ, ਇੱਕ ਮਣ” ਹੋਕੇ ਇੱਕਠੇ ਸੂਸਮਾਚਾਰ ਦੇ ਵਿਸ਼ਵਾਸ ਲਈ ਯਤਣ ਕਰੀਏ ।

ਯਿਸੂ ਨੇ ਮਨੁਖਾਂ ਨੂੰ ਪਰਮੇਸ਼ੁਰ ਲਈ ਛੁਡਾ ਲਿਆ ਅਤੇ ਮੂਲ ਦੇ ਹੀ ਪਰਮੇਸ਼ੁਰ ਦੇ ਨਾਲ ਰਿਸ਼ਤੇ ਵਿੱਚ ਜੋੜ ਦਿੱਤਾ ਅਤੇ ਸਾਨੂੰ ਇੱਕ ਦੁਜੇ ਨਾਲ ਇੱਕ ਹੋਣ ਦੀ ਯੋਗਤਾ ਵਿੱਚ ਜੋੜ ਦਿੱਤਾ ਜਿਵੇਂ ਸ਼ੁਰੂ ਵਿੱਚ ਹੀ ਪਾਪ ਤੋਂ ਪਹਿਲਾਂ ਸੀ ।

ਹੁਣ ਅਸੀਂ ਪਰਮੇਸ਼ੁਰ ਦੇ ਸ਼ਾਦੀ ਅਤੇ ਰਿਸ਼ਤਿਆਂ ਦੇ ਮੂਲ ਨਮੂਨੇ ਤੇ ਵਾਪਸ ਆ ਸਕਦੇ ਹਾਂ ਅਤੇ ਪਰਮੇਸ਼ੁਰ ਦੇ ਵਚਣਾਂ ਦੇ ਸਿਧਾਂਤਾਂ ਤੇ ਬਨਾ ਸਕਦੇ ਹਾਂ ਸਾਡੇ ਅੰਦਰ ਪਵਿਤਰ ਆਤਮਾ ਦੇ ਵਸੀਲੇ ਮਣ ਦੇ ਨਵੇਂ ਬਣਾਉਣ ਦੇ ਵਸੀਲੇ ਅਤੇ ਸਾਨੂੰ ਸਾਮਰਥ ਦੇਣ ਰਾਹੀ ਇੱਕ ਵਾਰ ਫਿਰ
**ਦੁਸਰਿਆਂ-ਕੇਂਦ੍ਰਿਤ** ਨਾ ਕੀ ਖੁਦ-ਕੇਂਦ੍ਰਿਤ
**ਇੱਕ ਦੂਜ਼ੇ ਦੇ ਆਸਰੇ** ਨਾ ਕੀ ਅਜ਼ਾਦ

ਜੇ ਅਸੀਂ ਕਹਿੰਦੇ ਹਾਂ ਕਿ ਅਸੀਂ ਯਿਸੂ ਮਸੀਹ ਦੇ ਹਾਂ ਅਤੇ ਉਸ ਤੋਂ ਪੈਦਾ ਹੋਏ ਹਾਂ ਅਤੇ ਇਹ ਆਤਮਕ ਰਿਸ਼ਤਾ ਪਰਮੇਸ਼ੁਰ ਦੇ ਨਾਲ ਹੈ। ਤਦ ਇਹ ਪਹਿਲੀ ਥਾਂ ਤੇ ਇੱਕ ਦੁਜੇ ਦੇ ਨਾਲ ਸਾਡੇ ਰਿਸ਼ਤਿਆਂ ਵਿੱਚ ਦਿਖਾਈ ਦੇਣਾ ਚਾਹਿਦਾ ਹੈ ।

ਪਤੀ ਪਹਿਲਾ ਧਰਤੀ ਦੀ ਸੇਵਕਾਈ ਉਸ ਦੀ ਪਤਨੀ ਤੇ ਬੱਚਿਆਂ ਪ੍ਰਤੀ ਅਤੇ ਫਿਰ ਦੂਜਿਆਂ ਪ੍ਰਤੀ
ਉਤਪਤ 18:19 ਅਬਰਾਹਾਮ ਨੇ ਅਪਣੇ ਬੱਚਿਆਂ ਤੇ ਘਰਾਣੇ ਨੂੰ ‘ਪਰਮੇਸ਼ੁਰ ਦੇ ਰਸਤਿਆਂ’ ਤੇ ਚਲਣ ਦੀ ਆਗਿਆ ਦਿੱਤੀ ।
ਅੱਯੂਬ 1:1 ਅੱਯੂਬ ਨਿਰਦੋਸ਼ ਸੀ, ਧਰਮੀ, ਪਰਮੇਸ਼ੁਰ ਤੋਂ ਡਰਦਾ ਸੀ ਅਤੇ ਬਦੀ ਤੋਂ ਪਰੇ ਰਹਿੰਦਾ ਸੀ
:5 ਪਵਿੱਤ੍ਰ ਕਰਦਾ, (ਉਨ੍ਹਾਂ ਲਈ ਪ੍ਰਾਰਥਨਾ ਤੇ ਵਿੱਚੋਲਾਪਣ ਕਰਦਾ) ਅਤੇ ਸਵੇਰੇ ਹੀ ਉੱਠ ਕੇ ਉਨ੍ਹਾਂ ਲਈ ਹੋਮ ਦੀਆਂ ਬਲੀਆਂ ਚੜ੍ਹਾਉਂਦਾ ।

ਪਤਨੀ ਪਹਿਲਾ ਧਰਤੀ ਦੀ ਸੇਵਕਾਈ ਉਸ ਦੇ ਪਤੀ ਅਤੇ ਫਿਰ ਬੱਚਿਆਂ ਅਤੇ ਫਿਰ ਦੂਜਿਆਂ ਪ੍ਰਤੀ ਹੈ ।
ਕਹਾਉਤਾਂ 31:11,12,27
ਉਹ ਦੇ ਭਰਤਾ ਦਾ ਮਨ ਉਹ ਦੇ ਉੱਤੇ ਭਰੋਸਾ ਰੱਖਦਾ ਹੈ, ਅਤੇ ਉਹ ਨੂੰ ਲਾਭ ਦੀ ਕੁਝ ਥੁੜ ਨਹੀਂ ਹੁੰਦੀ ।ਉਮਰ ਭਰ ਉਹ ਉਸ ਦੇ ਨਾਲ ਭਲਿਆਈ ਹੀ ਕਰੇਗੀ, ਬੁਰਿਆਈ ਨਹੀਂ ।
ਉਹ ਆਪਣੇ ਟੱਬਰ ਦੀ ਚਾਲ ਨੂੰ ਧਿਆਨ ਨਾਲ ਵੇਖਦੀ ਹੈ, ਅਤੇ ਆਲਸ (ਚੁੱਗਲਿਆਂ, ਅਸੰਤੁਸ਼ਟ ਅਤੇ ਖੁਦ-ਤਰਸ) ਦੀ ਰੋਟੀ ਨਹੀਂ ਖਾਂਦੀ ।

## ਪਾਲਣ ਪੋਸ਼ਣ (ਪੇਰੇਂਟਿੰਗ)

ਕਹਾਉਤਾਂ 22:6

"ਬਾਲਕ ਨੂੰ ਉਹ ਦਾ ਠੀਕ ਰਾਹ ਸਿਖਲਾ, ਤਾਂ ਉਹ ਵੱਡਾ ਹੋ ਕੇ ਵੀ ਉਸ ਤੋਂ ਕਦੀ ਨਾ ਹਟੇਗਾ"।

**ਸਿਖਲਾਈ** ਤੇ **ਸਿਖਿਆ** ਵਿੱਚ ਅੰਤਰ ਹੈ ।

ਸਾਡੇ ਵਿੱਚੋਂ ਕਈ ਅਪਣੇ ਬੱਚਿਆਂ ਨੂੰ ਜਿਸ ਤਰਾਂ ਉਨ੍ਹਾਂ ਨੂੰ ਚਲਨਾ ਚਾਹਿਦਾ ਹੈ ਸਿਖਿਆ ਦਿੰਦੇ ਹਾਂ, ਪਰ ਜਿਸ ਰਸਤੇ ਉਨ੍ਹਾਂ ਨੂੰ ਚਲਨਾ ਚਾਹਿਦਾ ਹੈ ਸਿਖਲਾਈ ਦੇਣ ਦੀ ਅਣਗੇਲੀ ਕਰਦੇ ਹਾਂ ।ਇੱਕ ਬੱਚੇ ਨੂੰ ਮਾਤਾ ਪਿਤਾ ਪ੍ਰਤੀ ਚਾਹਵੰਦ ਹੋ ਕੇ ਆਗਿਆ ਕਾਰੀ ਤੇ ਭਰੋਸਾ ਕਰਨਾ ਸਿਖਲਾਈ ਜਾ ਸਕਦੀ ਹੈ ।

**ਸਿਖਲਾਉਨਾ:** "ਚਰਿਤ੍ਰ ਨੂੰ ਬਦਲਣ ਲਈ, ਹਿਦਾਇਤ ਨਾਲ ਕਸਰਤ, ਅਭਿਆਸ, ਆਗਿਆ ਪ੍ਰਤੀ ਆਗਿਆਕਾਰੀ ਬਨਾਉਨ੍ਹਾਂ, ਸਹੀ ਦਿਸ਼ਾ ਵਿੱਚ ਪਾਉਣਾ ਜਾਂ ਲਾਉਣਾ, ਮੁਕਾਬਲੇ ਲਈ ਤਿਆਰ ਕਰਨਾ । **ਜੀਵਨ** ਦੇ ਮੁਕਾਬਲੇ ਲਈ ।

ਅਸੀਂ ਸਬੇ ਅਪਣੇ ਬੱਚਿਆਂ ਨੂੰ ਕਿਸੇ ਜਾਂ ਕਿਸੇ ਤਰੀਕੇ ਨਾਲ ਸਿਖਾਲਦੇ ਹਾਂ, ਜਾਣਦੇ ਹੋਏ ਜਾਂ ਅਣਜਾਣੇ ਵਿੱਚ ।

ਸਮੂਏਲ ਨੂੰ ਸਿਖਲਾਇਆ ਗਿਆ ਸੀ ਕਿ ਸੁੱਣੇ ਤੇ ਪਾਲਣਾ ਕਰੇ ਜਦੋਂ ਉਸ ਨੂੰ ਬੋਲਿਆ ਜਾਵੇ:

ਏਲੀ ਦੇ ਬੱਚੇ ਅਣਆਗਿਆਕਾਰ ਤੇ ਅਨੈਤਿਕ ਸਣ । ਏਲੀ ਨੇ ਉਨ੍ਹਾਂ ਨੂੰ ਸਿਖਿਆ ਦਿੱਤੀ ਪਰ ਉਸ ਨੇ ਉਨ੍ਹਾਂ ਨੂੰ ਪ੍ਰਭੂ ਦੇ ਰਸਤਿਆਂ ਤੇ ਚੱਲਣ ਦੀ {ਟ੍ਰੇਨਿੰਗ} ਸਿਖਲਾਈ ਨਹੀਂ ਦਿੱਤੀ । "ਉਨ੍ਹਾਂ ਅਪਣੇ ਪਿਤਾ ਦੀ ਅਵਾਜ਼ ਧਿਆਣ ਨਾਲ ਸੁਣਨੀ ਨਾ ਸਿੱਖੀ", "ਕਿਉਂਕੀ ਉਸ ਦੇ ਪੁਤ੍ਰਾਂ ਨੇ ਅਪਣੇ ਆਪ ਨੂੰ ਦੁਸਟ ਬਣਾਇਆ, ਅਤੇ ਉਸ ਨੇ ਉਨ੍ਹਾਂ ਨੂੰ ਮਨਾਂ ਨਾ ਕੀਤਾ: । "ਉਸ ਅਪਣੇ ਪੁਤ੍ਰਾਂ ਦਾ ਪ੍ਰਭੂ ਨਾਲੋਂ ਵੱਧ ਆਦਰਮਾਨ ਕੀਤਾ"

1 ਸਮੂਏਲ 2:29

## ਕਿਵੇਂ ਸਿਖਾਲਿਆ ਜਾਵੇ ???

ਕਹਾਉਤਾਂ 22:15 "ਬਾਲਕ ਦੇ ਮਨ ਵਿੱਚ ਮੂਰਖਤਾਈ ਬੱਧੀ ਹੋਈ ਹੁੰਦੀ ਹੈ, ਤਾੜ ਦੀ ਛਿਟੀ ਉਹ ਨੂੰ ਉਸ ਤੋਂ ਦੂਰ ਕਰ ਦਿੰਦੀ ਹੈ" ।

ਕਹਾਉਤਾਂ 13:24 "ਜਿਹੜਾ ਪੁੱਤ੍ਰ ਉੱਤੇ ਛੁਛਕ ਨਹੀਂ ਚਲਾਉਂਦਾ ਉਹ ਉਸ ਦਾ ਵੈਰੀ ਹੈ, ਪਰ ਜਿਹੜਾ ਉਸ ਦੇ ਨਾਲ ਪਿਆਰ ਕਰਦਾ ਹੈ ਉਹ ਵੇਲੇ ਸਿਰ ਉਸ ਨੂੰ ਤਾੜਦਾ ਹੈ" ।

ਕਹਾਉਤਾਂ 23:13,14 "ਬਾਲਕ ਦੇ ਤਾੜਨ ਤੋਂ ਨਾ ਰੁਕ, ਭਾਵੇਂ ਤੂੰ ਛਿਟੀ ਨਾਲ ਉਹ ਨੂੰ ਮਾਰੇਂ ਤਾਂ ਉਹ ਨਾ ਮਰੇਗਾ ।ਤੂੰ ਛਿਟੀ ਨਾਲ ਉਹ ਨੂੰ ਮਾਰ, ਅਤੇ ਉਹ ਦੀ ਜਾਨ ਨੂੰ ਪਤਾਲੋਂ ਬਚਾ ਲੈ" ।

ਕਹਾਉਤਾਂ 29:15 "ਤਾੜ ਅਤੇ ਛਿਟੀ ਬੁੱਧ ਦਿੰਦੀਆਂ ਹਨ, ਪਰ ਜਿਹੜਾ ਬਾਲਕ ਬੇਮੁਹਾਰਾ ਛੱਡਿਆ ਜਾਂਦਾ ਹੈ, ਉਹ ਆਪਣੀ ਮਾਂ ਲਈ ਨਮੋਸ਼ੀ ਲਿਆਉਂਦਾ ਹੈ" ।

ਕਹਾਉਤਾਂ 19:18 ਜਦ ਤਾਈਂ ਆਸ ਹੈ ਆਪਣੇ ਪੁੱਤ੍ਰ ਨੂੰ ਤਾੜ, ਪਰ ਉਹ ਦੇ ਨਾਸ ਉੱਤੇ ਆਪਣਾ ਜੀ ਨਾ ਲਾ" ।

ਕਹਾਉਤਾਂ 29:17 "ਆਪਣੇ ਪੁੱਤ੍ਰ ਨੂੰ ਤਾੜ ਤਾਂ ਉਹ ਤੈਨੂੰ ਸੁਖ ਦੇਵੇਗਾ, ਅਤੇ ਉਹ ਤੇਰੇ ਜੀ ਨੂੰ ਨਿਹਾਲ ਕਰੇਗਾ"।

ਕਿ ਮੈਂ ਜੋ ਪਰਮੇਸ਼ੁਰ ਦਾ ਵਚਣ ਕਹਿੰਦਾ ਹੈ ਵਿਸ਼ਵਾਸ ਕਰਦਾ ਹਾਂ? ਜਾਂ ਸਾਡਾ ਸਮਾਜ ਸਭ ਤੋਂ ਚੰਗਾ ਜਾਣਦੀ ਹੈ?

ਇਬਰਾਨੀਆਂ 12:6,7

"ਕਿਉਂ ਜੋ ਜਿਹ ਦੇ ਨਾਲ ਪਿਆਰ ਕਰਦਾ ਹੈ, ਪ੍ਰਭੂ ਉਹ ਨੂੰ ਤਾੜਦਾ ਹੈ, ਅਤੇ ਹਰੇਕ ਪੁੱਤ੍ਰ ਨੂੰ ਜਿਹ ਨੂੰ ਉਹ ਕਬੂਲ ਕਰਦਾ ਹੈ, ਉਹ ਕੋਰੜੇ ਮਾਰਦਾ ਹੈ"।

ਕਹਾਉਤਾਂ 20:30 "ਸੱਟਾਂ ਜਿਹੜੀਆਂ ਘਾਉ ਬਣਾਉਂਦੀਆਂ ਹਨ ਬੁਰਿਆਈ ਨੂੰ ਸਾਫ਼ ਕਰਦੀਆਂ ਹਨ, ਅਤੇ ਮਾਰ ਅੰਦਰਲੇ ਹਿੱਸਿਆਂ ਨੂੰ ਵੀ"।

ਵਿਰਲਾਪ 3:27 "ਗਭਰੂ ਲਈ ਚੰਗਾ ਹੈ ਕਿ ਆਪਣੀ ਜੁਆਨੀ ਵਿੱਚ ਜੂਲਾ ਚੁੱਕੇ"।

"ਛੜੀ" ਦਾ **ਕਦੀ ਨਹੀ** ਤਾਲਮੇਲ ਹੋਨਾ ਚਾਹਿਦਾ ਹੈ **ਕ੍ਰੋਧ** ਨਾਲ, ਅਪ੍ਰਸੰਨਤਾ ਜਾਂ ਅਪ੍ਰਵਾਨ ਕਿਉਂਕੀ ਮਾਤਾ-ਪਿਤਾ ਬੱਚੇ ਦੀ ਤਾੜਨਾ ਧੀਰਜਵਾਨ ਪ੍ਰੇਮੀ ਆਤਮਾ ਨਾਲ ਪਰਮੇਸ਼ੁਰ ਦੀ ਆਗਿਆ ਵਿੱਚ ਕਰਦੇ ਹਨ ।ਜੇ ਅਸੀਂ ਹਰ ਵੇਲੇ ਨੁਕਸ ਕਢਦੇ ਤੇ ਢਾਂਟਦੇ ਹਾਂ ਤਾਂ ਇਹ ਬੱਚੇ ਨਾਲ ਦੁਸ਼ਮਣੀ ਪੈਦਾ ਕਰਦਾ ਹੈ ਨਾ ਕਿ ਉਸਦਾ ਸੁਧਾਰ।
ਬੱਚਾ ਇਹ ਸਿੱਖ ਜਾਵੇਗਾ ਕਿ ਛੜੀ ਦਾ ਤਾਲਮੇਲ ਸਾਡੇ ਉਸ ਪ੍ਰਤੀ ਮਹਾਨ ਪ੍ਰੇਮ ਵਿੱਚ ਉਸੇ ਦੇ ਭੱਲੇ ਵਾਸਤੇ ਹੈ । ਬਿਲਕੁਲ ਜਿਵੇਂ ਪਰਮੇਸ਼ੁਰ ਸਾਡੇ ਨਾਲ ਜੋ ਵਡੇ ਹੋ ਗਏ ਹਾਂ ਕਰਦਾ ਹੈ । ਜ਼ਬੂਰਾਂ ਦੀ ਪੋਥੀ 119:65,71,75
ਸੂਜ਼ੈਨਾ ਵੇਸਲੀ ਨੇ ਕਿਹਾ, "ਖੱਪ ਪਾਉਨ ਵਾਲੇ ਦੀ ਮੈਂ ਖੜਕਾਈ ਕਿਤੀ ਜਦ ਤਕ ਉਹ ਚੁੱਪ ਨਾ ਹੋਇਆ ਅਤੇ ਜਿਹੜਾ ਚੁਪ ਸੀ ਉਸ ਦੀ ਵੀ ਜਦ ਤਕ ਉਹ ਰੋਣ ਨਾ ਲਗ ਗਿਆ"। ਮਾਂ 17 ਬੱਚਿਆਂ ਦੀ ਅਤੇ ਪ੍ਰਚਾਰਕ ਦੀ ਪਤਨੀ ।

ਬੇਮੇਲ ਛੜੀ ਦਾ ਇਸਤੇਮਾਲ ਸਿੱਖਲਾਉਨਾ ਨਹੀ ਹੈ ।

**ਸਾਨੂੰ ਨਿਯਮਿਤ ਹੋਨਾ ਹੈ ਕੀ ਕਿਉਂ ਕਿਵੇਂ ਅਤੇ ਕਦੋਂ ਸਾਨੂੰ ਅਨੁਸ਼ਾਸਣ ਕਰਨਾ ਹੈ।ਸਬ ਤੋਂ ਪਹਿਲਾਂ ਸਾਨੂੰ ਆਪਣੇ ਹੀ ਵਿਹਾਰ ਪ੍ਰਤੀ ਅਨੁਸ਼ਾਸਣ ਕਰਕੇ ਨਿਯਮਿਤ ਹੋਨਾ ਹੈ। ਸਾਨੂੰ ਵੀ ਅਨੁਸ਼ਾਸਿਤ ਹੋਨਾ ਹੈ।(ਇਹ ਔਖਾ ਭਾਗ ਹੈ)**

ਸਾਨੂੰ ਉਨ੍ਹਾਂ ਦੀ ਸੁਰਕਸ਼ਾ ਲਈ ਚਾਰਦਿਵਾਰੀ ਬਨਾਉਂਣੀ ਹੈ ਨਾ ਕੀ ਅਪਣੀ ਸੁਵਿਧਾ ਲਈ!
ਉਹ ਸੁਰਕਸ਼ਾ ਤੇ ਅਜ਼ਾਦੀ ਦੀ ਜਗਹ ਉਸ ਚਾਰਦਿਵਾਰੀ ਵਿੱਚਾਲੇ ਲੱਭ ਲੈਣਗੇ ਜਿਹੜੀ ਤੁਸੀਂ ਤੇ ਪਰਮੇਸ਼ੁਰ ਦੇ ਵਚਣ ਨੇ ਉਨ੍ਹਾਂ ਅਗੇ ਰੱਖੀ ਹੈ।

## **ਅਧੀਣਤਾ**

ਇੱਕ ਢਾਂਚਾ ਜਿਹੜਾ ਸ਼ਾਦੀ ਨੂੰ ਸਹਾਰਾ ਦਿੰਦਾ ਹੈ

ਅਧੀਣਤਾ ਹੈ : **ਦਿੱਲ ਦਾ ਰਵਈਆ** ਜਿੱਥੇ ਅਸੀਂ ਤਿਆਰ ਹਾਂ ਕਿ ਦੂੱਜਿਆਂ ਦਿਆਂ ਜ਼ਰੂਰਤਾਂ, ਇੱਛਾਵਾਂ, ਅਧੀਕਾਰ, ਅਤੇ ਪ੍ਰਤਿਸ਼ਠਾ ਨੂੰ ਅਪਣਿਆਂ ਦੇ ਅਗੇ ਰੱਖ ਦੇਇਏ, ਤਾਂ ਜੋ ਮਸੀਹ ਦਾ ਆਦਰ ਹੋਵੇ ।

**ਫ਼ਿਲਿੱਪੀਆਂ**: 2:1-8
**ਰੋਮੀਆਂ** 12:3,10,17,18
**ਤੀਤੁਸ** 3:1,2
**ਕੁਲੁੱਸੀਆਂ** 3:17,18

ਅਧੀਣਤਾ ਸਾਡਾ **ਚੁਣਾਵ** ਹੈ ਜੋ ਅਸੀਂ ਕਰਦੇ ਹਾਂ
ਇੱਕ ਜਿੰਮੇਦਾਰੀ ਵਾਲੀ ਜਗਹ ਜਿਵੇਂ ਫੌਜ਼ ਵਿੱਚ  ਉਦਾਹਰਣ 1 ਕੁਰਿੰਥੀਆਂ 11:3

ਅਧੀਣਤਾਂ ਦੇ ਨਤੀਜੇ:
ਵਿਕਤੀਗੱਤ ਵਦਨਾ ਅਤੇ ਪੂਰਣਤਾ
ੳ. ਮਸੀਹ ਵਿੱਚ ਵਦਨਾ     ਯੂਹੰਨਾ 14:21
ਅ. ਅਨੰਦ     ਜਬੂਰਾਂ ਦੀ ਪੋਥੀ 16:11 ਅਫ਼ਸੀਆਂ 5:18-21
ੲ. ਸ਼ਾਂਤੀ     ਗਲਾਤੀਆਂ 5:22 ਫ਼ਿਲਿੱਪੀਆਂ 4:6,7
ਸ. ਸੁੰਦਰਤਾ     1 ਪਤਰਸ 3:3,4
ਹ. ਬੱਲ     ਫ਼ਿਲਿੱਪੀਆਂ 4:13
ਕ. ਪਰਮੇਸ਼ੁਰ ਦੀ ਸੁਰਕਸ਼ਾ     ਜਬੂਰਾਂ ਦੀ ਪੋਥੀ 91:1, 1 ਕੁਰਿੰਥੀਆਂ 10:13
ਖ. ਅਜ਼ਾਦੀ     2 ਕੁਰਿੰਥੀਆਂ 3:7
ਗ. ਪ੍ਰੇਮ     ਗਲਾਤੀਆਂ 5:22
ਘ. ਸੁਰੱਖਿਆ     ਕਹਾਉਤਾਂ 10:8

## ਸਹਾਇਕਣ, ਸਹਾਇਕ:

ਇਕ ਇਹੋ ਜਹੀ ਜਿਹੜੀ ਅਪਣੇ ਪਤੀ ਦੀ ਸਹਾਇਤਾ ਕਰਦੀ ਹੈ ਤਾਂ ਜੋ ਉਹ ਬਣ ਸਕੇ ਜੋ ਪਰਮੇਸ਼ੁਰ ਚਾਹੁੰਦਾ ਹੈ, ਉਹ ਬਣਨ ਦੇ ਰਾਹੀ ਜੋ ਪਰਮੇਸ਼ੁਰ ਉਹਨੂੰ ਬਨਾਉਣਾ ਚਾਹੁੰਦਾ ਹੈ ।
ਇੱਕ ਸਹਾਇਕਣ:
ਤੁਹਾਡੇ ਤੇ ਵਿਸ਼ਵਾਸ ਕਰਦੀ
ਤੁਹਾਨੂੰ ਕਬੂਲਦੀ ਹੈ ਤੁਸੀਂ ਜੈਸੇ ਵੀ ਹੋ
ਤੁਹਾਨੂੰ ਸਮੱਝਦੀ ਹੈ
ਤੁਹਾਡੀ ਚਾਹਵੰਦ ਹੈ
ਤੁਹਾਡੀ ਮਦਦਗਾਰ ਹੈ

ਅਧੀਣ ਹੋਣਾ ਪ੍ਰੇਮ ਕ੍ਰਿਯਾਸ਼ੀਲ ਹੈ, ਇੱਹ ਤੁਹਾਡੇ ਪਤੀ ਨੂੰ ਸੰਦੇਸ਼ਾ ਦਿੰਦਾ ਹੈ ਕਿ ਉਹ ਦਿਆਂ ਜਰੂਰਤਾਂ  ਤੁਹਾਡਿਆਂ ਅੱਪਣਿਆਂ ਜਰੂਰਤਾਂ ਨਾਲੋਂ ਵੱਧ ਮੁਲਵਾਣ ਹੈ ।

# ਅਲੌਕਿੱਕ ਕ੍ਰਮ

"ਹਰ ਇੱਕ ਮਨੁੱਖ ਦਾ ਸਿਰ ਮਸੀਹ ਹੈ, ਔਰਤ ਦਾ ਸਿਰ ਉਸ ਦਾ ਪਤੀ ਹੈ, ਅਤੇ ਮਸੀਹ ਦਾ ਸਿਰ ਪਰਮੇਸ਼ੁਰ ਹੈ"
1 ਕੁਰਿੰਥੀਆਂ 11:3
ਮਸੀਹ, ਜੋ ਕਿ ਪਰਮੇਸ਼ੁਰ ਹੈ ਅਤੇ ਪਿਤਾ ਦੀ ਬਰਾਬਰੀ ਵਿੱਚ ਹੈ, ਉਹ ਪਿਤਾ ਦੇ ਅਧੀਨ ਹੈ । ਮਨੁੱਖ ਉਨ੍ਹਾਂ ਦੇ ਅਧੀਨ ਰਹਿੰਦਾ ਹੈ ਜਿਨ੍ਹਾਂ ਦਾ ਉਸ ਉੱਤੇ ਅਧਿਕਾਰ ਹੈ: ਪਰਮੇਸ਼ੁਰ ਦੇ ਦੁੱਜੇ (ਸਰਕਾਰ, ਪੁਲਿਸ, ਮਾਲਿਕ) ਬੇਸ਼ਕ ਸਾਰੇ ਮਨੁੱਖ ਬਰਾਬਰੀ ਤੇ ਹਣ ।
ਪਤਨੀ ਅਪਣੇ ਪਤੀ ਦੇ ਅਧੀਨ ਹੈ ਬੇਸ਼ਕ ਉਹ ਉਸ ਦੇ ਬਰਾਬਰੀ ਤੇ ਹੈ । ਬੱਚੇ ਮਾਤਾ ਪਿਤਾ ਦੇ ਅਧੀਨ ਹਣ, ਬੇਸ਼ਕ ਉਹ ਕੁੱਝ ਵੀ ਘੱਟ ਨਹੀਂ ਹਣ ।ਪਰਮੇਸ਼ੁਰ ਇਸ ਅਧਿਕਾਰ ਦੇ ਕ੍ਰਮ ਦਾ ਇਸਤੇਮਾਲ ਕਰਦਾ ਹੈ ਤਾਂ ਜੋ ਸਾਨੂੰ ਭਰਪੂਰ ਖੁਸ਼ਿਆਂ ਦੇ ਸਕੇ ਤੇ ਰਕਸ਼ਾ ਕਰ ਸਕੇ ।

## ਅਧੀਨਤਾ:

ਇਹ ਪਤਨੀ ਦੀ ਜਿਮੇਦਾਰੀ ਹੈ । ਅਫ਼ਸੀਆਂ 5:22,23

ਉਸ ਨੂੰ ਵਚਨਾ ਰਾਹੀ ਅਧੀਨ ਰਹਿਣ ਦਾ ਹੁਕਮ ਹੈ:
1 ਪਤਰਸ 3:1-6, 1 ਕੁਰਿੰਥੀਆਂ 11:3,8,9 1 ਤਿਮੋਥਿਉਸ 2:11,12 ਤੀਤੁਸ 2:2-4
ਕੁਲੁੱਸੀਆਂ 3:17,18,23

ਜਦੋਂ ਤੁਸੀਂ ਚਾਹਵੰਦ ਹੋਕੇ, ਪ੍ਰੇਮ ਨਾਲ ਅਪਣੇ ਪਤੀ ਦੇ ਅਧੀਨ ਹੁੰਦੇ ਹੋ, ਤੁਹਾਡੀ ਕੋਮਲਤਾ ਤੇ ਪ੍ਰੇਮ ਦੀ ਆਤਮਾ ਤੁਹਾਡੇ ਪਤੀ ਨੂੰ ਪ੍ਰੇਰਨਾ ਦਿੰਦੀ ਹੈ ਕਿ ਉਹ ਤੁਹਾਡੇ ਨਾਲ ਕੋਮਲਤਾ ਨਾਲ ਪੇਸ਼ ਆਵੇ ਤੇ ਖਿਆਲ ਰੱਖੇ ਤੇ ਰਕਸ਼ਾ ਕਰੇ ।
ਇਹ ਤਾਂ ਦਿੱਤੀ ਹੋਈ ਜਗਹ ਹੈ (ਤੁਹਾਡੇ ਉਤੇ ਇਸ ਦੀ ਜਬਰਦਸਤੀ ਨਹੀਂ ਹੈ ਇਹ ਤਾਂ ਤੁਹਾਡਾ ਫੈਸਲਾ ਹੈ -ਜਿਵੇਂ ਮਸੀਹ ਨੂੰ ਪ੍ਰਭੂ ਬਣਾਉਂਦੇ ਹਾਂ ।

ਵਚਣ ਦੱਸਦੇ ਨੇ ਕੀ ਪਤਨੀ ਦੇ ਅਧੀਨ ਰਹਿਣ ਨੂੰ ਲਗਾਤਾਰ (ਚਲਦੇ ਰਹਿਨਾ) ਜਵਿਣ ਦਾ ਤਰੀਕਾ ਬਣਾਉਨਾ ਹੈ ।
ਯੂਨਾਨੀ ਕ੍ਰਿਆ ਵਰਤਮਾਨ ਕਾਲ ਵਿੱਚ ਹੈ ।

ਇਹ ਆਦੇਸ਼ਾਤਮਕ ਹੈ, ਗੈਰ-ਜਰੂਰੀ ਨਹੀਂ, ਯੂਨਾਨੀ ਕ੍ਰਿਆ ਬਹੁਤ ਜਰੂਰੀ ਮੂਢ ਇਕ ਆਗਿਆ ।
ਤੁਹਾਡੀ ਅਧੀਨਤਾ ਇਸ ਤੇ ਆਧਾਰਿੱਤ ਨਹੀਂ ਕਿ ਤੁਹਾਡਾ ਪਤੀ ਉਸ ਨਾਲ ਕਿਹੋ ਜਿਹਾ ਵਿਵਹਾਰ ਕਰਦਾ ਨਾ ਉਸ ਦੀ ਯੋਗਤਾ, ਨਿਪੁੰਣਤਾ, ਬੁੱਧੀ, ਪੜਾਈ, ਜਾਂ ਆਤਮੱਕ ਦਰਜਾ ।

ਅਧੀਨ ਹੋਨਾ ਆਤਮਕ ਗਲ ਹੈ, "ਇਹ ਹੋਣਾ ਚਾਹਿਦਾ ਹੈ ਜਿਵੇਂ ਕੀ ਪ੍ਰਭੂ ਲਈ"। ਪਤੀ ਦੇ ਅਧੀਨ ਹੋਣ ਤੋਂ ਇਨਕਾਰ ਕਰ ਦੇਣਾ ਇਸ ਲਈ ਪਰਮੇਸ਼ੁਰ ਦਾ ਵਿਦ੍ਰੋਹ ਹੈ ।

ਪਤੀ ਦੇ ਅਧੀਨ ਹੋਨਾ ਉਸ ਦਾ ਪਰਮੇਸ਼ੁਰ ਦੇ ਪ੍ਰਤੀ ਪਿਆਰ ਦੀ ਪਰੀਖਿਆ ਹੈ ਕੁਲੁੱਸੀਆ 3:17

ਅਧੀਨਤਾ ਦਾ ਅਰਥ ਹੈ ਕਿ ਪਤਨੀ ਅਪਨੀ ਸਾਰੀ ਨਿਪੁੰਣਤਾ, ਯੋਗਤਾ, ਸਾਧਨ, ਸ਼ਕਤੀ ਅਪਣੇ ਪਤੀ ਨੂੰ ਸੌਂਪ ਦਿੰਦੀ ਹੈ। ਪਤਨੀ ਸੌਂਪ ਦਿੰਦੀ ਹੈ ਅਤੇ ਅਪਣੀ ਸਾਰੀ ਯੋਗਤਾ ਦਾ ਇਸਤੇਮਾਲ ਕਰਦੀ ਹੈ ਅਪਣੇ ਪਤੀ ਦੇ ਪ੍ਰਬੰਧ ਹੇਠ ਹੋਕੇ ਅਪਣੇ ਪਤੀ ਤੇ ਪਰਿਵਾਰ ਦੇ ਭੱਲੇ ਵਾਸਤੇ ।ਉਹ ਅਪਣੇ ਪਤੀ ਦੀ ਸਾਥੱਣ ਹੈ ਇੱਕਠੇ ਹੋਕੇ ਇਕੋ ਨਿਸ਼ਾਨੇ ਨੂੰ ਪੂਰਾ ਕਰਨ ਲਈ ।

**ਸਹਾਇਕਣ**

ਇੱਕ ਸਹਾਇਕਣ:

ਉਸ ਤੇ ਵਿਸ਼ਵਾਸ ਕਰਦੀ ਹੈ / ਉਸ ਨੂੰ ਜਿਹੋ ਜਿਹਾ ਵੀ ਹੈ ਕਬੂਲਦੀ ਹੈ / ਉਸ ਨੂੰ ਸਮਝੱਦੀ ਹੈ / ਉਸ ਵਿੱਚ ਰੂਚੀ ਲੈਂਦੀ ਹੈ

ਇੱਕ ਸਹਾਇਕਣ ਹੈ: **ਤਾਲੇ** ਦੀ **ਚਾਬੀ**, **ਕੈਮਰੇ** ਦੀ **ਰੀਲ**

ਪਤਨੀ ਹੋਣ ਦੇ ਨਾਤੇ: ਪਰਮੇਸ਼ੁਰ ਦਾ ਤੁਹਾਡੇ ਲਈ ਉਦੇਸ਼ ਤੇ ਯੋਜਨਾ ਇਹ ਹੈ ਕਿ ਤੁਸੀਂ ਸਭ ਤੋਂ ਪਹਿਲਾ ਅਪਣੇ ਪਤੀ ਦੀ ਸੇਵਾ ਕਰੋ । 1 ਕੁਰਿੰਥੀਆਂ 11:9 ਯਿਸੂ ਸਾਡਾ ਉਦਾਹਰਣ ਹੈ ਫ਼ਿਲਿੱਪੀਆਂ 2:1-7

ਤਰੀਕੇ ਜਿਸ ਤੋਂ ਪਤਨੀ ਅਪਣੇ ਪਤੀ ਦੀ “**ਸਹਾਇਤਾ**” ਕਰ ਸਕਦੀ ਹੈ ਕਹਾਉਤਾਂ 31:11,12

1. ਘਰ ਨੂੰ ਸੁਰਕਸ਼ਿਤ ਜਗਹ ਬਣਾਉਨਾਂ, ਉਤਸਾਹ ਦੀ ਜਗਹ, ਤੱਸਲੀ ਤੇ ਸਮਝੋਤਾ, ਇੱਕ ਸ਼ਰਣ ਲੈਣ ਦੀ ਜਗਹ ।
2. ਵਿਸ਼ਵਾਸਜੋਗ ਤੇ ਜਿਸ ਉੱਤੇ ਨਿਰਭਰ ਕਰ ਸਕਦੇ ਹਾਂ ਕਹਾਉਤਾਂ 31:11,12
3. ਇੱਕ ਅੱਛਾ ਵਤੀਰਾ ਫ਼ਿਲਿੱਪੀਆਂ 4:5-8
4. ਚੀਜਾਂ ਦਾ ਪਿਆਰ, ਖੁਲੇਪੱਣ, ਤੇ ਇਮਾਣਦਾਰੀ ਨਾਲ ਵਿਚਾਰ ਕਰੋ ਕਹਾਉਤਾਂ 12:14
5. ਅਪਨੇ ਪਦ, ਚੀਜਾਂ ਅਤੇ ਕੰਮ-ਕਾਜ਼ ਨਾਲ ਸੰਤੁਸ਼ਟ ਰਹੋ । ਫ਼ਿਲਿੱਪੀਆਂ 4:11-13
6. ਦੁੱਖ ਉਠਾਉਂਨਾ, ਸ਼ਮਾ ਕਰਨਾ ਤੇ ਫਲਦਾਰ ਬਨੋ ਅਫ਼ਸੀਆਂ 4:2,3,31,32
7. ਉਸ ਦੀਆਂ ਸਮੱਸਿਆਵਾਂ, ਫਿਕਰਾਂ, ਨੋਕਰੀ, ਸ਼ੋਕ ਵਿੱਚ ਰੂਚੀ ਲਵੇ
8. ਦਸਤਕਾਰੀ, ਸਾਦਾ, ਅਤੇ ਮਿਹਨਤੀ ਬਨੇ ਕਹਾਉਤਾਂ 31:12,22,19,24
9. ਸਲਾਹ, ਸਮੱਝ ਅਤੇ ਸੁਧਾਰ ਪ੍ਰੇਮ ਦੇ ਤਰੀਕੇ ਨਾਲ ਦੇਵੇ । ਕਹਾਉਤਾਂ 31:26
10. ਅਪਣੇ ਆਪ ਨੂੰ ਅਕਰਸ਼ੱਕ ਅਤੇ ਅੰਦਰੂਨੀ ਸੁੰਦਰਤਾ ਨੂੰ ਬਨਾਈ ਰੱਖੇ । ਕਹਾਉਤਾਂ 31:30
11. ਤੰਦਰੁਸਤ ਆਤਮੱਕ ਜੀਵਨ ਨੂੰ ਬਨਾਈ ਰੱਖੇ
12. ਉਸ ਨਾਲ ਬੱਚਿਆਂ ਦੇ ਪਾਲਣ-ਪੌਸ਼ਣ ਵਿੱਚ ਸਾਥ ਦੇਵੇ ਕਹਾਉਤਾਂ 31:28
13. ਉਸ ਨਾਲ ਬੱਚਿਆਂ ਤੇ ਦੁਜਿਆਂ ਵਿੱਚ ਵਫਾਦਾਰੀ ਸਥਾਪਿੱਤ ਕਰੇ । ਪਤਨੀ ਦਾ ਪਤੀ ਪ੍ਰਤੀ ਵਤੀਰਾ ਬੱਚੇ ਚੁੱਪ ਚਾਪ ਫੜ ਲੈਂਦੇ ਹਣ ।
14. ਧੰਨਵਾਦੀ ਰਹੋ ਕਹਾਉਤਾਂ 31:20,27
15. ਉਸ ਦੇ ਫੈਸਲਿਆਂ ਤੇ ਭਰੋਸਾ ਜਤਾਉ ਕਹਾਉਤਾਂ 31:23,25

ਇੱਹ ਗਲਾਂ ਤੁਹਾਡੇ ਪਤੀ ਤਕ ਸੰਦੇਸ਼ਾ ਦੇ ਦਿੰਦਿਆਂ ਹਣ ਕਿ ਉਹ ਤੁਹਾਡੇ ਨਜ਼ਰਾਂ ਵਿੱਚ ਮੁਲਵਾਨ ਹੈ ਅਤੇ ਉਸ ਦਿਆਂ ਲੋੜਾਂ ਤੁਹਾਡਿਆਂ ਨਾਲੋਂ ਜਿਆਦਾ ਮਹੱਤਵਤਾ ਰੱਖਦਿਆਂ ਹਣ ।

# ਸਹਾਇਕਨ

| **ਬੁੱਧਵਾਨ** | **ਮੂਰਖੱਣ** |
|---|---|
| 1. ਸਾਥ ਦੇਣ ਵਾਲੀ | ਵਿਰੋਧ ਕਰਣ ਵਾਲੀ |
| 2. ਪੂਰਾ ਕਰਣ ਵਾਲੀ | ਮੁਕਾਬਲਾ ਕਰਣ ਵਾਲੀ |
| 3. ਬਦਲਣ ਵਾਲੀ | ਖੁੱਦ ਦੀ ਸੇਵਾ ਕਰਾਉਣ ਵਾਲੀ |
| 4. ਬਚਾਉ ਕਰਣ ਵਾਲੀ | ਪ੍ਰਗਟ ਕਰਣ ਵਾਲੀ |
| 5. ਲਗੇ ਰਹਿਨਾਂ | ਦੁੱਖ ਦੇਣ ਵਾਲੀ |

ਅਧੀਨ ਹੋਨਾ ਦੇਨਾ ਹੈ:
ਅਧੀਨ ਹੋਣ ਦੇ ਰਿਸ਼ਤੇ ਵਿੱਚ ਮੇਰਾ ਸਵਾਲ ਹੈ, "ਤੁਹਾਡਿਆਂ ਇਛਾਵਾਂ, ਜਰੂਰਤਾਂ ਕਿ ਹਣ ਅਤੇ ਮੈਂ ਤੁਹਾਡੀ ਸੇਵਾ ਕਿਵੇਂ ਕਰ ਸਕਦੀ ਹਾਂ?"

ਜਦੋਂ ਪਤਨੀ ਦਾ ਕੇਂਦ੍ਰ ਉਸ ਦਾ ਪਤੀ ਹੈ ਤਾਂ ਉਸ ਦਾ ਧਿਆਣ ਬਹੁਤ ਹੀ ਘੱਟ ਹੈ ਕਿ ਦੁੱਜਿਆਂ ਔਰਤਾਂ ਦੇ ਮਗਰ ਜਾਵੇ । ਕਦੇ-ਕਦਾਈ ਸੈਕਸ ਆਦਮੀ ਦੀ ਸ਼੍ਰੇਸ਼ਠਤਾ ਦਾ ਪ੍ਰਮੁਖ ਕਾਰਣ ਹੋ ਜਾਂਦਾ ਹੈ । ਉਹ ਅਕਸਰ ਇੱਕ ਐਸੀ ਔਰਤ ਨੂੰ ਭਾਲਦਾ ਹੈ ਜੋ #1 ਉਹ ਨੂੰ ਕਬੂਲੇ ਜੈਸੀ ਉਹ ਹੈ, #2 ਉਸ ਦੀ ਪ੍ਰਸ਼ੰਸਾ ਕਰਨੀ #3 ਉਸ ਦੀ ਲੋੜ ਹੈ #4 ਉਸ ਨੂੰ ਅਪਣੇ ਜੀਵਨ ਵਿੱਚ ਪਹਿਲਾ ਸਥਾਣ ਦੇਵੇ ।

## ਪਤਨੀ ਦੀ ਪ੍ਰਮੁਖ ਸੇਵਕਾਈ ਅਪਣੇ ਜੀਵਨ ਵਿੱਚ ਉਸ ਦਾ ਪਤੀ ਹੈ

1. ਪਰਮੇਸ਼ੁਰ ਨੇ ਔਰਤ ਨੂੰ ਆਦਮੀ ਦਾ ਸਹਾਇਕ ਬਨਾਈਆ: ਆਦਮੀ ਔਰਤ ਦੇ ਬਗੈਰ ਅਧੂਰਾ ਹੈ ਉਤਪਤ 2:18
2. ਪਰਮੇਸ਼ੁਰ ਨੇ ਉਸ ਨੂੰ ਅਨੁਕੂਲ ਸਹਾਇਕ ਬਨਾਈਆ: ਅਫ਼ਸੀਆਂ 5:22, 1 ਪਤਰਸ 3:1
3. ਉਸ ਦੀ ਰਚਨਾ ਹੋਈ ਤਾਂ ਜੋ ਉਹ ਆਦਮੀ ਦੇ ਨਾਲ ਮੇਲਮਿਲਾਪ ਰੱਖੇ: ਉਹ ਉਸ ਨੂੰ ਪੂਰਾ ਕਰਦੀ, ਜਿਵੇਂ ਚਾਬੀ ਤਾਲੇ ਨੂੰ ਜਾਂ ਫਿਲਮ ਕੈਮਰੇ ਨੂੰ - ਲਾਜ਼ਮੀ
4. ਪਤਨੀ ਬਨਾਈ ਗਈ ਹੈ ਤਾਂ ਜੋ ਅਪਣੇ ਪਤੀ ਦੀ ਜਰੂਤਾਂ, ਘਟਿਆਂ, ਥੁੜਾਂ ਨੂੰ ਪੂਰੀ ਕਰੇ "ਉਸ ਦਾ ਸਾਰੀ ਉਮਰ ਭਰ **ਭਲਾ** ਕਰੇ ਨਾ ਕੀ ਬੂਰਾ"
ਕਹਾਉਤਾਂ 31:12

ਉਸ ਨੂੰ ਇਹੋ ਜਿਹਾ ਕੁੱਝ ਵੀ ਨਹੀਂ ਕਰਨਾ ਚਾਹਿਦਾ ਹੈ ਜੋ ਉਸ ਦੇ ਪਤੀ ਲਈ ਜਾਂ ਉਸ ਦੀ ਅਪਣੇ ਪਤੀ ਪ੍ਰਤੀ ਸੇਵਕਾਈ ਲਈ ਨਿਰਧਾਰਿਤ ਜਾਂ ਨੁਕਸਾਣ ਦਾਇਕ ਹੋਵੇ ।

ਪਤੀ ਦਿਆਂ ਸਤ ਮੁੱਢਲਿਆਂ ਲੋੜਾਂ / ਇੱਟਾਂ ਜ੍ਹਿੜਿਆਂ ਸ਼ਾਦੀ ਨੂੰ ਬਨਾਉਂਦਿਆਂ

1. ਪਤੀ ਨੂੰ ਲੋੜ ਹੈ ਇੱਕ ਐਸੀ ਪਤਨੀ ਜ੍ਹਿੜੀ ਉਸ ਦਾ ਆਦਰ ਕਰੇ
2. ਪਤਨੀ ਦੀ ਲੋੜ ਹੈ ਜ੍ਹਿੜੀ ਉਸ ਨੂੰ ਆਗੂ ਦੇ ਤੌਰ ਤੇ ਕਬੂਲੇ
3. ਇੱਕ ਪਤਨੀ ਜੋ ਧੰਨਵਾਦੀ ਹੈ ਉਸ ਲਈ ਜੋ ਸਬ ਕੁੱਝ ਉਸ ਨੇ ਕਿਤਾ ਅਤੇ ਉਸ ਲਈ ਕਰ ਰਿਹਾ ਹੈ ।
4. ਇੱਕ ਪਤਨੀ ਜਿੱਸ ਦੇ ਚਰਿਤ੍ਰ ਅਤੇ ਚੰਗੇ ਕੰਮਾ ਲਈ ਦੂੱਜੇ ਪ੍ਰਸ਼ੰਸਾ ਕਰਦੇ ਹਣ ।
5. ਇੱਕ ਪਤਨੀ ਜੋ ਅੰਦਰੂਨੀ ਅਤੇ ਬਾਹਰੀ ਸੁੰਦਰਤਾ ਨੂੰ ਲਗਾਤਾਰ ਬਨਾਈ ਰੱਖਦੀ ਹੈ ।
6. ਇੱਕ ਪਤਨੀ ਜ੍ਹਿੜੀ ਉਸ ਦੇ ਨਾਲ ਪਿਆਰ ਨਾਲ ਪੇਸ਼ ਆਉਂਦੀ ਹੈ ।
7. ਇੱਕ ਪਤਨੀ ਜ੍ਹਿੜੀ ਉਸ ਨੂੰ ਪਰਮੇਸ਼ੁਰ ਦੇ ਨਾਲ ਇੱਕਲੇ ਵਿੱਚ ਚੰਗਾ ਸਮਾ ਦੇਣ ਦਾ ਪ੍ਰਬੰਧ ਕਰਦੀ ਤੇ ਇੱਜ਼ਾਜਤ ਦਿੰਦੀ ਹੈ ।

## ਉਤਮ

## ਆਸ਼ਿਰਵਾਦ ਉਨੱਤ ਵੰਢਨਾ ਛੂਨਾ

ਉਤਮ ਸ਼ਾਦੀ ਦਾ ਨੁਸਖਾ:

**ਆਸ਼ਿਰਵਾਦ** (ਇਉਲੋਗਿਆ)- ਇਉ "ਅੱਛਾ" ਲੋਗੋਸ "ਸ਼ਬਦ" ਕਹਾਉਤਾਂ 18:20,21

1. ਅਪਣੇ ਸਾਥੀ ਨੂੰ ਆਸ਼ਿਰਵਾਦ ਦੇਣ ਦਾ ਪਹਿਲਾ ਤਰੀਕਾ ਹੈ ਕਿ ਉਸ ਬਾਰੇ ਅੱਛਾ ਬੋਲੋ ਤੇ ਚੰਗੇ ਸ਼ਬਦਾਂ ਰਾਹੀ ਜਵਾਬ ਦੇਵੋ । ਅਫ਼ਸੀਆਂ 4:29 ਕਹਾਉਤਾਂ 16:24

ਕਹਾਉਤਾਂ 31:26 ਉਹ ਬੁੱਧ ਨਾਲ ਆਪਣਾ ਮੁੱਖ ਖੋਲ੍ਹਦੀ ਹੈ, ਅਤੇ ਉਹ ਦੀ ਰਸਨਾ ਉੱਤੇ ਦਯਾ ਦੀ ਸਿੱਖਿਆ ਹੈ ।

ਤੁਹਾਡੇ ਕੋਲ ਅਪਣੀ ਸ਼ਾਦੀ ਨੂੰ ਉਨ੍ਹਾਂ ਸ਼ਬਦਾਂ ਰਾਹੀ ਜਿਹੜੇ ਤੁਸੀਂ ਅਪਣੇ ਸਾਥੀ ਨੂੰ ਬੋਲਦੇ ਹੋ ਆਸੀਸ ਦੇਣ ਦੀ ਸ਼ਕਤੀ ਹੈ

।. ਤੁਸੀਂ ਕਦੋਂ ਚੁੱਪ ਰਹਿਨਾ ਹੈ ਸਿੱਖਣ ਰਾਹੀ ਵੀ ਆਸੀਸ ਦੇ ਸਕਦੇ ਹੋ ।
ਕਹਾਉਤਾਂ 13:3

2. ਤੁਸੀਂ ਉਸ ਨੂੰ ਉਪਯੋਗੀ ਫੈਦੇ ਦੇ ਕੇ ਆਸੀਸ ਦਿੰਦੇ ਹੋ, ਉਦਾਹਰਣ ਕ੍ਰਿਪਾਲੂ ਕਰਮ
3. ਜਬਾਨੀ ਬੋਲ ਕੇ ਧੰਨਵਾਦੀ ਤੇ ਪ੍ਰਸ਼ੰਸਕ ਹੋਣ ਰਾਹੀ

4. ਤੁਸੀਂ ਪ੍ਰਾਰਥਨਾ ਰਾਹੀ ਪਰਮੇਸ਼ੁਰ ਦਾ ਸਮਰਥਨ ਲਿਆ ਕੇ ਆਸੀਸ ਦੇ ਸਕਦੇ ਹੋ। ਲੂਕਾ 6:27,28,35

ਚੰਗੇ ਸ਼ਬਦ ਕ੍ਰਿਪਾਲੂ ਕ੍ਰਿਯਾ ਧੰਨਵਾਦੀ ਪ੍ਰਸ਼ੰਸਕ ਪ੍ਰਾਰਥਨਾ

**ਉੱਨਤ** ਉਸਾਰਨਾ

ਅਪਣੇ ਪਤੀ ਦੇ ਵਿਅਕਤੀਤੱਵ ਦੇ ਹਰ ਦਿਸ਼ਾ ਵਿੱਚ ਉਸ ਨੂੰ ਉਸਾਰੋ, ਉਸ ਨੂੰ ਉਸ ਦੇ ਜੀਵਨ ਦੇ ਸਾਰੇ ਪੱਖਾਂ ਵਿੱਚ ਉਸ ਨੂੰ ਢਾਰਸ ਦੇਣੀ, ਉਹ ਕੁੱਝ ਹੈ ਉਸ ਵਿੱਚ ਉਸ ਨੂੰ ਵੱਧਾਉਨਾ ।
ਉੱਨਤ ਦਾ ਨਤੀਜਾ ਇੱਹ ਹੈ ਕਿ ਉਸ ਦੇ ਪਿਆਰ ਕਰਣ ਅਤੇ ਅਪਣੇ ਆਪ ਨੂੰ ਦੇਣ ਦਾ ਦਰਜਾ ਵੱਧ ਜਾਵੇਗਾ ।

ਉੱਨਤ ਵਿਅਕਤੀਗਤ ਉਤਸਾਹ, ਅੰਦਰੂਨੀ ਬੱਲ ਅਤੇ ਸ਼ਾਂਤੀ ਦੀ ਸਥਾਪਨਾ ਅਤੇ ਆਪਸ ਵਿੱਚ ਸਹਿਮਤੀ ਲਈ ਹੈ ।

"ਸੋ ਚੱਲੋ ਅਸੀਂ ਓਹਨਾਂ ਗੱਲਾਂ ਦਾ ਪਿੱਛਾ ਕਰੀਏ ਜਿਨ੍ਹਾਂ ਤੋਂ ਮਿਲਾਪ ਅਤੇ ਇੱਕ ਦੂਏ ਦੀ ਤਰੱਕੀ ਹੋਵੇ" ਰੋਮੀਆਂ 14:19

"ਸਾਡੇ ਵਿੱਚੋਂ ਹਰੇਕ ਆਪਣੇ ਗੁਆਂਢੀ ਨੂੰ ਉਹ ਦੀ ਭਲਿਆਈ ਲਈ ਰਿਝਾਵੇ ਭਈ ਉਹ ਦੀ ਤਰੱਕੀ ਹੋਵੇ ।
ਰੋਮੀਆਂ 15:2
ਪਤੀ ਪਤਨੀ ਦੀ ਉੱਨਤੀ ਉਸ ਦੀ ਪ੍ਰਸ਼ੰਸਾ ਕਰਕੇ ਕਰਦਾ ਹੈ
ਪਤਨੀ ਪਤੀ ਦੀ ਉੱਨਤ ਕਰਦੀ ਹੈ ਉਸ ਨਾਲ ਪ੍ਰੇਮ ਨਾਲ ਵਿਵਹਾਰ ਕਰਕੇ

ਉੱਨਤ ਬਨਾਉਂਦਾ ਹੈ ਕਦੇ ਨਾਸ਼ ਨਹੀਂ ਕਰਦਾ !!!

ਫ਼ਿਲਿੱਪੀਆਂ 4:8 ਉਨ੍ਹਾਂ ਗਲਾਂ ਨੂੰ ਸੋਚਣ ਦੀ ਆਦਤ ਪਾਵੋ ਜਿਹੜੀਆਂ ਗਲਾਂ ਤੁਹਾਡੇ ਸਾਥੀ ਵਿੱਚ ਤੁਹਾਨੂੰ ਅਕਰਸ਼ੱਕ ਲਗਦੀਆਂ ਹਣ, ਹਰੇਕ ਸਕਾਰਾਤਮਕ ਵਿਸ਼ੇਸ਼ਤਾ ਜਿਹੜੇ ਤੁਹਾਡੇ ਪਤੀ ਵਿੱਚ ਹਣ ।

ਤੁਹਾਡੇ ਸ਼ਬਦਾਂ ਤੇ ਇਸ ਹਵਾਲੇ ਦਾ ਪ੍ਰਭਾਵ ਹੋਵੇ ।

ਮੈਂ ਇਹੋ ਜਿਹਾ ਅਪਣੇ ਪਤੀ ਨੂੰ ਕੀ ਕਹਾਂ ਜਿਸ ਤੋਂ ਉਸ ਦੀ ਉੱਨਤ, ਬਨਾਈਆ ਜਾਵੇ, ਉੱਤਸਾਹਿਤ, ਬਲਵਾਣ ਅਤੇ ਸ਼ਾਂਤੀ ਹੋਵੇ ।
ਦੋਵੇਂ ਪਤੀ ਤੇ ਪਤਨੀ ਦੀ ਇੱਹ ਜਬਰਦਸਤ ਲੋੜ ਹੈ ਕੀ ਉਨ੍ਹਾਂ ਨੂੰ ਸ਼ਬਦਾਂ ਨਾਲ ਉਤਸਾਹਿਤ, ਉਨ੍ਹਾਂ ਦਾ ਧਿਆਣ ਦਿਤਾ ਜਾਵੇ ਤੇ ਅੱਖਾਂ ਵਿੱਚ ਅੱਖਾਂ ਪਾ ਕੇ ਅਤੇ ਛੂਣ ਦੇ ਰਾਹੀ ।

**ਉੱਨਤ ਲਈ ਯੂਨਾਨੀ ਸ਼ਬਦ- ਓਈਕੋਢੋਮਿਓ- ਓਈਕੋਸ "ਪਰੀਵਾਰ, ਘਰ, ਮਕਾਨ ਅਤੇ ਢੀਮੋ "ਬਨਾਉਣਾ" ਜਦੋਂ ਤੁਸੀਂ ਉੱਨਤ ਅਤੇ ਇੱਕ ਦੁੱਜੇ ਨੂੰ ਬਨਾਉਂਦੇ ਹੋ, ਤੁਸੀਂ ਘਰ ਨੂੰ ਇੱਕਠੇ ਬਨਾਉਂਦੇ ਹੋ ।**

## ਵੰਢਨਾ

ਵੰਢਨਾ ਜੀਵਨ ਦੇ ਹਰ ਖੇਤ੍ਰ ਨੂੰ ਛੂਨਾ ਚਾਹਿਦਾ ਹੈ - ਤੁਹਾਡਾ ਸਮਾ, ਰੁਝੇਵਾਂ, ਰੂਚੀ, ਅਤੇ ਚਿੰਤਾਵਾਂ, ਵਿਚਾਰ, ਅੰਦਰੂਨੀ ਖ਼ਿਆਲ, ਆਤਮਕ ਚਾਲ, ਪਰਿਵਾਰਕ ਉੱਦੇਸ਼, ਅਤੇ ਨਿਸ਼ਾਨੇ ।ਸਮਾ ਵੰਢਨਾ, ਰੁਝੇਵਾਂ ਵੰਢਨਾ, ਰੂਚੀ ਵੰਢਨਾ ਅਤੇ ਤਜ਼ੁਰਬਾ ਵੰਢਨਾ ਲੈ ਜਾਂਦੀ ਹੈ ਜਜ਼ਬਾ ਵੰਢਨਾ ਤੇ ਭਰੋਸਾ ਵੰਢਨਾ । ਜਦੋਂ ਤੁਸੀਂ ਅਪਣੇ ਜਜ਼ਬੇ ਨੂੰ ਵੰਢਦੇ ਹੋ, ਸਹੀ ਸਮਾ ਤੇ ਹਾਲਾਤ ਦੀ ਉਢੀਕ ਕਰੋ । ਅਪਣੇ ਜਜ਼ਬੇ ਦੀ ਪੇਸ਼ਕਸ਼ ਜੀਵੇਂ ਕਰ ਸਕਦੇ ਹੋ ਉਸ ਨੂੰ ਤਰਕਪੂਰਣ ਕਰੋ ।

“ਜਜ਼ਬੇ ਦੇ ਸ਼ਬਦੀ ਤਸਵੀਰਾਂ” ਦੇ ਇਸਤੇਮਾਲ ਦੀ ਕੋਸ਼ੀਸ ਕਰੋ

ਜਜ਼ਬੇ ਦੇ ਸ਼ਬਦ ਜਿਨ੍ਹਾਂ ਦਾ ਆਦਮੀ ਦੀ ਰੂਚੀ ਜਾਂ ਪਿੱਛਲੇ ਤਜੁਰਬੇ ਨਾਲ ਵਾਸਤਾ ਹੋਵੇ:

- ਮੈਂ ਮਹਿਸੂਸ ਕਰਦੀ ਹਾਂ ਕਿ ਮੈਂ ਤਾਂ ਸੱਠ ਮਿਣੱਟ ਦੀ ਕੈਸੇਟ ਹਾਂ ਜਿਸ ਨੂੰ ਤੁਸੀਂ ਰਾਤ ਨੂੰ ਰੋਮਾਂਚਿਕ ਹੋਕੇ ਚਲਾ ਦਿੰਦੇ ਹੋ ਜਿਵੇਂ ਮੈਂ ਦਸ ਮਿਣੱਟ ਦੀ ਕੈਸੇਟ ਹੋਵਾਂ ।
- ਮੈਂ ਇੱਕ ਸਾਰੇ ਦਿਣ ਵਿੱਚ ਗੰਦੇ ਟਰਕ ਨੂੰ ਧੌਂਦੇ ਤੌਲਿਏ ਵਰਗਾ ਮਹਿਸੂਸ ਕਰਦੀ ਹਾਂ
- ਮੈਂ ਦੋ ਘੰਟੇ ਪੁਰਾਣੇ ਮੈਕ ਢੋਣਲ ਹੈਮਬਰਗਰ ਵਰਗਾ ਮਹਿਸੂਸ ਕਰਦੀ ਹਾਂ ਜੋ ਕੀ **ਠੰਢਾ** ਹੈ
- ਇੱਕ ਵੱਡੀ ਮੱਛੀ ਫੜਣ ਮਗਰੋਂ ਮੈਂ ਇੱਕ ਕੀੜੇ ਵਰਗਾ ਮਹਿਸੂਸ ਕਰਦੀ ਹਾਂ
- ਇੱਕ ਮਹਤੱਵਪੂਰਣ ਟੂਰਨਾਮੇਂਟ ਮਗਰੋਂ ਮੈਂ ਗੋਲ੍ਫ਼ ਦੇ ਉਸ ਬਾਲ ਵਾਂਗ ਮਹਿਸੂਸ ਕਰਦੀ ਹਾਂ ਜਿਸ ਨੂੰ 18 ਮੋਰਿਆਂ ਮਗਰੋਂ ਸੁੱਟ ਦਿਤਾ ਜਾਂਦਾ ਜਾਂ ਧਿਆਨ ਨਹੀ ਦਿੱਤਾ ਜਾਂਦਾ ।

ਗੱਲ ਬਾਤ (ਵਿਚਾਰ ਵਟਾਂਦਰਾ) ਇੱਕ ਯੋਗਤਾ ਹੈ:

1. ਇੱਸ ਤਰੀਕੇ ਨਾਲ ਗੱਲ ਕਰਨੀ ਕਿ ਅਗਲੇ ਬੰਦੇ ਦੇ ਪੱਲੇ ਪੈ ਜਾਵੇ ਅਤੇ ਜੋ ਕਿਹਾ ਜਾ ਰਿਹਾ ਹੈ ਉਸ ਨੂੰ ਕਬੂਲ ਕਰ ਲਵੇ ।
2. ਇੱਸ ਤਰੀਕੇ ਨਾਲ ਸੁਣਨਾ ਤਾਂ ਜੋ ਵੀ ਗਲ ਹੋਈ ਅਤੇ ਜੋ ਵੀ ਜਜ਼ਬਾ ਦਰਸ਼ਾਈਆ ਗਿਆ ਉਸ ਪ੍ਰਤੀ ਵਾਪਸ ਪ੍ਰਤੀਕ੍ਰਿਆ ਹੋਵੇ ।

ਅਸੀਂ ਵਿਚਾਰ ਦਿੰਦੇ ਹਾਂ:

**ਸ਼ਬਦਾਂ** 7% **ਸੁਰ** 38% **ਬਾਢੀ ਲੈਂਗੁਏਜ਼** 55%

**ਛੂਹਣਾ**

ਛੂਹਣਾ ਦਸਦਾ ਹੈ ਕਿ ਸਾਡੀ ਪਰਵਾਹ ਹੈ, ਸਾਡੇ ਭੈ ਨੂ ਸ਼ਾਂਤ ਕਰਦਾ ਹੈ, ਦਰਦ ਨੂੰ ਖੱਟਾਉਂਦਾ ਹੈ, ਤਸਲੀ ਲਿਆਉਂਦਾ ਹੈ, ਸਾਨੂੰ ਭਾਵਨਾਤਮੱਕ ਸੁਰੱਖਿਆ ਦੀ ਆਸ਼ੀਸਿੱਤ ਸੰਤੁਸ਼ਟੀ ਦਿੰਦਾ ਹੈ ।

ਪਿਆਰ ਵੰਢਨਾ ਛੂਹਣ ਰਾਹੀ ਬਹੁਤ ਸਾਰੀ ਭਾਵਨਾਤਮੱਕ ਜ਼ਰੂਰਤਾਂ ਨੂੰ ਪੂਰਾ ਕਰੇਗਾ ਜੋ ਸੈਕਸ ਵੀ ਨਹੀਂ ਦੇ ਸਕਦਾ ।ਕੋਈ ਹੈਰਾਨੀ ਦੀ ਗੱਲ ਨਹੀਂ ਕਿ ਵਿਸ਼ੇਸ਼ਕ ਵਿਸਵਾਸ ਕਰਦੇ ਹਨ ਕਿ ਸਾਡਾ ਬਹੁਤਾ ਸੈਕਸ ਵਿੱਚ ਧਿਆਨ ਮਗਨਤਾ ਇੱਸ ਸਮਾਜ਼ ਵਿੱਚ ਅਸੱਲ ਵਿੱਚ ਪ੍ਰਗਟਾਉ ਹੈ ਸਾਡੇ ਗਹਿਰੇ, ਗਰਮਾਇਸ਼ ਦੀ ਅਸੰਤੁਸ਼ਟ ਲੋੜ, ਮੁੜ ਵਿਸਵਾਸ ਦੁਆਉਣਾ ਅਤੇ ਡੂੰਗਾ ਬਿਨਾ ਸੈਕਸ ਛੂਨਾ ।

# ਉਣਤ ਦੇ ਨੋ ਤਰੀਕੇ

## "ਜੀਵਨ ਨਾਲ ਪ੍ਰੇਮ ਰਖੋ" ਡਾ. ਏਡ. ਡ਼ੀਟ

1. ਇੱਕ ਅਟਲ ਫੈਸਲਾ ਕਰੋ ਕਿ ਕਦੇ ਵੀ ਅਪਨੇ ਸਾਥੀ ਦੀ ਅਲੋਚਨਾ ਸ਼ਬਦਾਂ, ਵਿਚਾਰਾਂ ਜਾਂ ਕਰਮਾ ਰਾਹੀ ਨਾ ਕਰੋਗੇ । ਇੱਕ ਫੈਸਲਾ ਜਿਸ ਤੇ ਅਮਲ ਹੋਵੇ!
2. ਅਪਨੇ ਸਾਥੀ ਦੀ ਜਾਣਕਾਰੀ ਰਖੋ- ਉਸ ਪ੍ਰਤੀ ਸੰਵੇਦਣਸ਼ੀਲ ਹੋ ਕੇ ਉਨ੍ਹਾਂ ਪਹਲੂਆਂ ਵਿੱਚ ਜਿਸ ਵਿੱਚ ਤੁਹਾਡਾ ਸਾਥੀ ਕੰਜੋਰ ਮਹਸੂਸ ਕਰੇ ਅਤੇ ਤਰੀਕੇ ਸੋਚੋ ਉਸ ਨੂੰ ਬਨਾਉਣ ਦੇ ।
3. ਅਪਨੇ ਸਾਥੀ ਦੇ ਉਨ੍ਹਾਂ ਸਕਰਾਤਮਕ ਗੁਣਾਂ ਤੇ ਆਦਤਾਂ ਬਾਰੇ ਰੋਜ ਸੋਚੋ ਜਿਨ੍ਹਾਂ ਨੂੰ ਤੁਸੀ ਪਸੰਦ ਕਰਦੇ ਅਤੇ ਪ੍ਰਸ਼ੰਸਾ ਕਰਦੇ ਹੋ ।
4. ਲ਼ਗਾਤਾਰ ਸ਼ਬਦਾਂ ਰਾਹੀ ਵਢੀਆਈ ਤੇ ਸਰਾਉਂਦੇ ਰਹੋ ।ਸੱਚੇ ਬਨੋ, ਸਪਸ਼ਟ ਬਨੋ, ਦਿਆਲੂ ਬਨੋ, ਤੁਸੀਂ ਉਣਤ ਕਰਦੇ ਹੋ ਸ਼ਬਦ "ਬੋਲਣ" ਰਾਹੀ ।
5. ਉਸ ਦੇ ਕੰਮ ਪ੍ਰਤੀ ਗਲਾਂ ਰਾਹੀ ਇਜ਼ੱਤ ਦੇਵੋ ।
6. ਅਪਣੇ ਪਤੀ ਨੂੰ ਵਿਖਾਵੋ ਕਿ ਉਹ ਤੁਹਾਡੇ ਜੀਵਨ ਵਿੱਚ ਬਹੁਤ ਮਹਤਵਪੂਰਣ ਵਿਅਕਤੀ ਹੈ- ਹਮੇਸ਼ਾ ਉਸ ਦੇ ਵਿਚਾਰ ਲਵੋ, ਉਸ ਦੇ ਫੈਸਲਿਆਂ ਦਾ ਮੁੱਲ ਪਾਵੋ
7. ਸ਼ਰੀਰ ਤੇ ਚੇਹਰੇ ਰਾਹੀ ਪ੍ਰਤੀਕ੍ਰਿਆ ਦੇਵੋ ।
8. ਹਮੇਸ਼ਾ ਇੱਕ ਦੁਜ਼ੇ ਦੇ ਪ੍ਰਤੀ ਨਿਮ੍ਰ ਵਿਹਾਰ ਵਿਖਾਉ
9. ਪਤੀ ਅਪਨੀ ਪਤਨੀਆਂ ਨੂੰ ਕਲੇ ਵਿੱਚ ਅਤੇ ਸਬਨਾ ਦੇ ਵਿੱਚ ਪਿਆਰ ਵਿਖਾਉ ।

1 ਪਤਰਸ 3:9-12 ਰੋਮੀਆਂ 12:14-21

# 6 ਅੰਦਰੂਨੀ ਸੁੰਦਰਤਾ ਦੀ ਵਿਸ਼ੇਸਤਾਵਾਂ

1. ਹੋਂਸਲਾ:

ਅੰਦਰੂਨੀ ਪ੍ਰਤਿਗਿਆ ਨਾਲ ਕਿਸੇ ਕਿਮਤੀ ਉੱਦੇਸ਼ ਲਈ ਬਿਨਾ ਆਸ਼ਾ ਛੱਡੇ ਲਗੇ ਰਹਿਨਾ ।
ਜਦੋਂ ਕਿਸੇ ਔਰਤ ਦੀ ਅੱਛੀ ਵਿਵਾਹਿਕ ਜੀਵਨ ਦੀ ਆਸ਼ਾ ਫਿਕੀ ਪੈ ਜਾਂਦੀ ਹੈ ਤਾਂ ਉਸ ਦਾ ਪਤੀ ਪ੍ਰਤੀ ਅਕਰਸ਼ਣ ਧੁੰਦਲਾ ਜਾਂਦਾ ਹੈ ਅਤੇ ਰਿਸ਼ਤੇ ਦਾ ਜੀਵਨ ਹੋਲੀ ਹੋਲੀ ਘੱਟ ਜਾਂਦਾ ਹੈ ।

ਪਹਿਲਾ ਕਦਮ ਅਪਣੇ ਹੋਂਸਲੇ ਨੂੰ ਵਧਾਉਨ ਲਈ ਸਮਰਪਣ ਕਰਕੇ ਫੁਰਤੀ ਨਾਲ ਰਿਸ਼ਤੇ ਨੂੰ ਹੋਰ ਵੀ ਚੰਗਾ ਬਨਾਉਣ ਵਿੱਚ ਲੱਗੇ ਰਹਿਣਾ ਚਾਹਿਦਾ ਹੈ

ਦੁੱਜਾ ਕਦਮ ਦਬਾਵ ਨੂੰ ਸਹਣਾ । ਦਬਾਵ ਸਹਣ ਲਈ ਅਪਣੇ ਆਪ ਨੂੰ ਸਮਰਪਣ ਕਰਨਾ ।

2. ਨਿਰੰਤ੍ਰਤਾ:

ਜਦੋਂ ਤਕ ਉਦੇਸ਼ ਪੂਰਾ ਨਾ ਹੋ ਜਾਵੇ ਨਿਰੰਤ੍ਰ ਲਗੇ ਰਹੋ ।

3. ਸ਼ੁਕ੍ਰਗੁਜ਼ਾਰ:

ਸਚਿਆਈ ਨਾਲ ਪ੍ਰਸ਼ੰਸਾ ਕਰਨੀ ਉਨ੍ਹਾਂ ਫੈਦਿਆਂ ਲਈ ਜਿਹੜਿਆਂ ਤੁਹਾਨੂੰ ਦੁੱਜੇ ਤੋਂ ਮਿਲਿਆਂ ਹਣ
ਉਹ ਜੈਸਾ ਵੀ ਹੈ ਤੇ ਜੋ ਵੀ ਹੈ ਸ਼ੁਕ੍ਰਗੁਜ਼ਾਰ ਰਹੋ ।
ਉਮੀਦਾਂ ਤੁਹਾਡੀ ਸ਼ਾਦੀ ਦੇ ਜੀਵਨ ਵਿੱਚ ਨਾਸ਼ ਕਰਣ ਦੀ ਸ਼ਕਤੀ ਹੈ ।

4. ਸ਼ਾਂਤ ਰਹਿਨਾ:

ਅੰਦਰੂਨੀ ਸ਼ਾਂਤੀ ਜੋ ਤੁਹਾਡੀ ਚੁਪਚਾਪ ਤਣਾਉ ਵਾਲੀ ਸਥੀਤੀ ਨੂੰ ਬਿਨਾ ਭੈ ਦੇ ਪ੍ਰਤੀਕ੍ਰਿਆ ਕਰਦੀ ਹੈ ।
ਅਪਣੇ ਆਪ ਨੂੰ ਬਾਵਲਾ ਹੋਣ ਤੋ ਨਿਯੰਤ੍ਰਣ ਰੱਖਣਾ ਉਦਾਹਰਣ “ਨਮ੍ਰ ਤੇ ਸ਼ਾਂਤ ਆਤਮਾ”

5. ਨਮ੍ਰਤਾ:

ਦੁੱਜਿਆਂ ਦੇ ਜਜ਼ਬੇ ਪ੍ਰਤੀ ਕੋਮਲ ਵਿਚਾਰਸ਼ੀਲਤਾ ਵਿਖਾਉਣੀ
ਜਿਸ ਦਾ ਅਸੀਂ ਜਿਨ੍ਹਾ ਮੁੱਲ ਲਾਉਂਦੇ ਹਾਂ, ਉਸ ਨੂੰ ਅਸੀਂ ਉਨ੍ਹਾਂ ਹੀ ਧੀਆਣ ਨਾਲ ਵਰਤਦੇ ਹਾਂ ।

6. ਨਿਰਸੁਆਰਥ ਪ੍ਰੇਮ:

ਦੁੱਜੇ ਦੀ ਜਰੂਰਤਾਂ ਨੂੰ ਪੂਰਿਆਂ ਕਰਣ ਲਈ ਦਿਸ਼ਾ ਚੁਸਤੀ ਨਾਲ ਲੈਣੀ
3 ਪ੍ਰਕਾਰ ਦੇ ਪ੍ਰੇਮ:

1. ਸਨੇਹ- ਅਧਾਰਿਤ ਹੈ ਕੋਈ ਸਾਡੀ ਲੋੜਾਂ ਨੂੰ ਪੂਰਿਆਂ ਕਰੇ ਜਾਂ ਅਪਣਿਆਂ ਉਮੀਦਾਂ ਤੇ ਜੀਉਣਾ ।
2. ਉਤਸਾਹ (ਜੋਸ਼)- ਸਾਡੀ ਸੈਕਸ਼ੂਲ ਜਰੂਰਤਾਂ ਦੇ ਗ੍ਰਿਦ ਕੇਂਦ੍ਰਿਤ
3. ਸੱਚਾ ਪਿਆਰ- ਦੁੱਜਿਆਂ ਦੀ ਲੋੜਾਂ ਦੀ ਖੋਜ਼ ਵਿੱਚ ਰਹਿੰਦਾ ਅਤੇ ਮੋਕੇ ਭਾਲਦਾ ਕਿ ਕਿਵੇਂ ਉੱਨ੍ਹਾਂ ਲੋੜਾਂ ਨੂੰ ਪੂਰਿਆਂ ਕਰੇ ।

- ਸੱਚਾ ਪਿਆਰ ਕਹਿੰਦਾ ਹੈ “ਮੈਂ ਤੇਰੀ ਲੋੜ ਨੂੰ ਵੇਖਦਾ ਹਾਂ, ਕ੍ਰਿਪਾ ਮੈਨੂੰ ਉਸ ਨੂੰ ਪੂਰਾ ਕਰਣ ਦੀ ਇਜ਼ਾਜੱਤ ਦੇ ਦੋ” ਇੱਕ ਚੁਸਤੀ ਨਾਲ ਦੁੱਜੇ ਦੀ ਲੋੜ ਪੂਰੀ ਕਰਣ ਦੀ ਦਿਸ਼ਾ ਲੈਣੀ ।

# ਵਿਵਾਹਯੋਗਤਾ ਲੱਛਣ

1. ਅਪਣੇ ਆਪ ਨੂੰ ਢਾਲਣਾ ਤੇ ਲਚਕਦਾਰ

ਅਪਣੇ ਆਪ ਨੂੰ ਬਦਲਣ ਜੋਗ ਹੋਣਾ

ਉਦਾਹਰਣ 2 ਨਦਿਆਂ ਇੱਕਠਿਆਂ ਪਹਿਲਾਂ ਤੇਜ,ਉੱਪਦ੍ਰਵੀ, ਇੱਕ ਦੂੱਜੇ ਤੇ ਦਹਾੜਦੀ, ਪਰ ਆਪਸ ਵਿੱਚ ਮਿੱਲ ਜਾਣ ਬਾਦ ਜਿਵੇਂ ਪਹਿਲਾਂ ਇੱਕਲਿਆਂ ਸਣ ਉਸ ਨਾਲੋਂ ਜਿਆਦਾ ਚੌੜੀ, ਗਹਰੀ ਅਤੇ ਜਿਆਦਾ ਸ਼ਕਤੀ ਸ਼ਾਲੀ ਬਣ ਜਾਂਦਿਆ ਹਣ ।

2. ਖ਼ਾਸ ਧਿਆਣ

ਸੰਵੇਦਨਸ਼ੀਲ ਹੋਣ ਦੀ ਯੋਗਤਾ ਜਰੂਰਤਾਂ ਪ੍ਰਤੀ, ਚੋਟਾਂ, ਅਤੇ ਦੂੱਜਿਆਂ ਦਿਆਂ ਇੱਛਾਵਾਂ, ਉਨ੍ਹਾਂ ਨਾਲ ਮਹਸੂਸ ਕਰਦੇ ਹੋਏ ਉਨ੍ਹਾਂ ਦੇ ਸੰਸਾਰ ਦਾ ਤਜ਼ੁਰਬਾ ਉਨ੍ਹਾਂ ਦੇ ਅਨੁਸਾਰ ਕਰਦੇ ਹੋਏ ।

3. ਸਮੱਸਿਆਵਾਂ ਵਿੱਚ ਕੰਮ ਕਰਣ ਦੀ ਯੋਗਤਾ

ਕਬੂਲ ਕਰਨਾ ਅਤੇ ਸਹੀ ਰੀਤੀ ਨਾਲ ਭਾਵਨਾਵਾਂ ਦੇ ਪ੍ਰਤੀਕ੍ਰਿਆ ਤੇ ਸਪਸ਼ਟ ਤੇ ਸਮੱਸਿਆਵਾਂ ਨੂੰ ਪਛਾਂਣ ਕੇ ਇੱਕਠੇ ਕੰਮ ਕਰਨਾ ।

4. ਪ੍ਰੇਮ ਦੇਨ ਤੇ ਲੈਨ ਦੀ ਯੋਗਤਾ

ਬੋਲਣ, ਵੇਖਣ ਤੇ ਸ਼ਰੀਰਕ ਰਾਹੀ ਪ੍ਰੇਮ ਦੇਨਾ ਤੇ ਜੀਵੇਂ ਦਿੱਤਾ ਜਾਵੇ ਲੈਨਾ ।

5. ਭਾਵਨਾਤਮੱਕ ਸਥਿਰਤਾ

ਨਿਰੰਤਰ, ਨਿਰਭਰ ਭਾਵਨਾਤਮਕ ਪ੍ਰਤੀਕ੍ਰਿਆ ।

6. ਜੋੜਿਆਂ ਦੇ ਵਿੱਚ ਖ਼ੁੱਦ ਹੀ ਸਮਾਨਤਾ

ਉਨ੍ਹਾਂ ਦੇ ਸ਼ੋਕ, ਪਸੰਦ, ਨਾਪਸੰਦ, ਦੋਸਤ, ਪੜਾਈ ਦਾ ਦਰਜ਼ਾ, ਧਰਮ, ਅਤੇ ਸੱਭਿਆਚਾਰ ।

7. ਸੰਚਾਰ

ਇੱਸ ਰੀਤੀ ਨਾਲ ਗੱਲ ਦਸਣ ਦੀ ਯੋਗਤਾ ਤਾਂ ਜੋ ਅਗਲਾ ਜਣ ਉਸ ਨੂੰ ਜੋ ਦੱਸਿਆ ਜਾ ਰਿਹਾ ਹੈ ਉਸ ਨੂੰ ਸਮੱਝ ਜਾਵੇ ਤੇ ਸਵਿਕਾਰ ਕਰੇ ।

ਸੁਨਣਾ ਤਾਂ ਜੋ ਵੀ ਦੱਸਿਆ ਗਿਆ ਉਸ ਦੇ ਅੱਰਥ ਅਤੇ ਮਸੂਸ ਕਰਣ ਦਾ ਵਾਪਸੀ ਜਵਾਬ ਦੇਨਾ ।

ਜੋੜੀਆਂ ਜਿਨ੍ਹਾਂ ਦੇ ਖੁਸ਼ਹਾਲ ਸ਼ਾਦੀ ਦਾ ਜੀਵਨ ਹੈ ਉਨ੍ਹਾਂ ਨੇ ਅਪਨੀ ਤਾਕਤ ਦਾ ਧੀਆਣ ਆਪਸੀ 'ਰਿਸ਼ਤੇ' ਤੇ ਰੱਖਿਆ । ਜਿਹੜੇ ਘੱਟ ਖੁਸ਼ ਹਣ – ਉਨ੍ਹਾਂ ਸ਼ਾਦੀ ਦੀਆਂ ਪਰਸਥੀਤੀਆਂ ਤੇ ਧੀਆਣ ਰੱਖਿਆ, ਜੀਵੇਂ ਕੀ ਘਰ, ਬੱਚੇ, ਜਾਂ ਸਮਾਜ਼ਕ ਜੀਵਨ ਨੂੰ ਸ਼ਾਦੀ ਦੀ ਖੁਸ਼ਿਆਂ ਦਾ ਕਾਰਨ ਮਨਿਆ ।

## ਸੰਚਾਰ ਦੇ ਮੁੱਢਲੇ ਅਸੂਲ

1. ਸੰਚਾਰ ਨੂੰ ਬਨਾਉਣ ਦੇ ਕਦਮ:
ਸਿੱਖਿਆ ਲੈਣ ਵਾਲੇ ਬਨੋ ਕਹਾਉਤਾਂ 13:18,18:2, 25:12
ਸੰਵੇਦਣਸੀਲ ਬਨੋ / ਹਮਦਰਦ ਕਹਾਉਤਾਂ 12:25, 25:20 ਰੋਮੀਆਂ 12:15, 1 ਪਤਰਸ 3
ਸਕਰਾਤਮੱਕ ਬਨੋ ਕਹਾਉਤਾਂ 18:8, 20:19, 31:11, ਯਾਕੂਬ 4:11
ਉਪਲਬਧ ਹੋਵੋ
ਰੂਚੀ ਰਖੋ ਕਹਾਉਤਾਂ 15:14, 18:15

ਸੁਣਨਾ ਸਿੱਖੋ ਯਾਕੂਬ 1:19
ਕਬੂਲ ਕਰੋ, ਦੁਜਿਆਂ ਵਿੱਚ ਸੱਚੀ ਰੁਚੀ ਰੱਖੋ, ਅੱਛੇ ਪ੍ਰਸ਼ਣ ਪੁੱਛੋ, ਅਪਸ਼ਬਦਾਂ ਤੋਂ ਸਾਵਧਾਣ ਰਹੋ, ਇਕਾਗਰ ਰਹੋ, ਦੱਖਲ ਗੀਰੀ ਨਾ ਕਰੋ ।
ਬੋਲਨਾ ਸਿੱਖੋ ਕਹਾਉਤਾਂ 15:28, 16:13, 21-24
ਹੌਲੀ ਬੋਲੋ ਕਹਾਉਤਾਂ 9:13, 15:1,4 25:15
ਸੋਚ ਸਮੱਝ ਕੇ ਬੋਲੋ ਕਹਾਉਤਾਂ 10:19, 11:12, 12:23, 17:27
ਖਮੋਸ਼ੀ ਦੇ ਮੁਲ ਨੂੰ ਸਿੱਖੋ ਕਹਾਉਤਾਂ 13:3, 18:13
ਪ੍ਰੇਮ ਨਾਲ ਗਲ ਕਰਨੀ ਸਿੱਖੋ ਰੋਮੀਆਂ 13:8, 19 ਅਫ਼ਸੀਆਂ 4:29
ਵਫਾਦਾਰ ਬਨੋ ਅਫ਼ਸੀਆਂ 4:15
ਪਰਮੇਸ਼ੁਰ ਦੇ ਸਮੇਂ ਨਾਲ ਸੰਵੇਦਣਸ਼ੀਲ ਬਨੋ
ਝੱਗੜੇ ਤੋਂ ਬਚਨਾ ਸਿੱਖੋ ਜਬੂਰ 141:3, ਕਹਾਉਤਾਂ 14:29, 17:14 ਕਹਾਉਤਾਂ 18:1, 20:3

2. ਅੱਛੇ ਸੰਚਾਰ ਵਿੱਚ ਰੁਕਾਵਟਾਂ:
ਮੂਰੱਖਤਾ
ਘਮੰਢ
ਮੇਰੇ ਵਿਚਾਰ
ਵਿਸ਼ਵਾਸਘਾਤ ਕਰਨਾ
ਕਾਹਲੀਬਾਜੀ
ਗੁਸਾ

ਹਵਾਲੇ: ਕਹਾਉਤਾਂ 12:15, 16:18, 18:2, 25:9, 29:20, 14:7,29, 15:18, 22:24,25, 29:22, 16:32, 19:11
ਉਪਦੇਸ਼ਕ ਦੀ ਪੋਥੀ 7:9, ਕੁਲ 3:8, ਯਾਕੂਬ 1:19,20

3. ਸਾਡੀ ਬੋਲੀ ਸਾਡੇ ਬਾਰੇ ਕੀ ਪ੍ਰਗਟ ਕਰਦੀ ਹੈ? ਮਤੀ 12:34-36
ਪਰਮੇਸ਼ੁਰ ਕਿਵੇਂ ਚਾਹੁੰਦਾ ਹੈ ਕਿ ਅਸੀਂ ਬੋਲਿਏ?
ਸਾਡੀ ਇੱਛਾ ਕਿਵੇਂ ਸਾਡੀ ਬੋਲੀ ਵਿੱਚ ਸ਼ਾਮਲ ਹੈ?

# ਇੱਟਾਂ ਜਿਹੜੀਆਂ ਸ਼ਾਦੀ ਨੂੰ ਬਨਾਉਣਦੀ ਹੈ

1 ਪਤਰਸ 3:1-6

**ਵਿਹਾਰ** 1 ਪਤਰਸ 3:1,2 1 ਤਿਮੋਥੀਉਸ 2:9,10

ਪਤੀ ਤੁਹਾਡੇ "ਵਿਹਾਰ" ਦਾ "ਧਿਆਨ" ਰੱਖਦਾ ਹੈ

ਨਜਦੀਕੀ ਧਿਆਨ, ਉਸ ਵਿੱਚ ਡੁੱਬ ਜਾਨਾ, ਤੁਹਾਡੇ ਵਿਹਾਰ ਤੇ ਪੂਰਾ ਧਿਆਨ ਦੇਨਾ

ਪਿਆਰੇ ਜੀਵਨ (ਪਤਨੀ) ਦਾ ਖਮੋਸ਼ੀ ਨਾਲ ਪ੍ਰਚਾਰ ਯਾਕੂਬ 2:14, 3:13,14

**1. ਪਤਨੀ ਨੂੰ ਪਤੀ ਦੇ ਨਾਲ ਆਦਰ ਨਾਲ ਪੇਸ਼ ਆਨਾ ਚਾਹਿਦਾ ਹੈ** ਅਤੇ ਆਦਰ ਕਰੇ, ਤੁਹਾਡਾ ਵਿਹਾਰ ਹੋਨਾ ਚਾਹਿਦਾ ਹੈ, "ਮੈਂ ਤੁਹਾਡੀ ਆਦਮੀ ਹੋਣ ਦੀ ਆਦਰ ਕਰਦੀ ਹਾਂ"

(ਆਦਰ)

ੳ. ਤੁਹਾਨੂੰ ਉਸ ਦੀ ਸੁਰਕਸ਼ਾ ਲੋੜ ਹੈ -ਸ਼ਰੀਰਕ, ਦਿਮਾਗੀ, ਭਾਵਾਤਮਕ, ਆਤਮਕ । ਤੁਹਾਡਾ ਵਿਹਾਰ ਖੁਦਗਰਜ਼ ਨਹੀਂ ਹੋਨਾ ਚਾਹਿਦਾ । ਅਜ਼ਾਦੀ ਪਰਿਵਾਰ ਨੂੰ ਬਰਬਾਦ ਕਰ ਦੇਵੇਗੀ ।(ਕਰੇਗੀ) ਜ਼ਜ ਕੋਲ ਲਿਆਵੇਗੀ

ਅ. ਤੁਹਾਡੀ ਲੋੜ ਕਿ ਤੁਸੀਂ ਉਸ ਵਲ ਮੁੱਢਲਿਆਂ ਲੋੜਾਂ ਲਈ ਵੇਖੋ

(ਨਿਰਭਰ) (ਪ੍ਰਸ਼ੰਸਾ)

ੲ. ਕਦੇ ਵੀ ਕਿਸੇ ਦੁੱਜੇ ਵਿਅਕਤੀ, ਪਾਸਟਰ, ਸ਼ਿਕਸ਼ਕ, ਆਤਮਕ ਆਗੂ, ਰਿਸ਼ਤੇਦਾਰ ਜਾਂ ਦੋਸਤ ਨੂੰ ਜਿਆਦਾ ਮਾਨ ਜਾਂ ਵਫਾਦਾਰੀ ਨਾ ਵਿਖਾਵੋ (ਸਤਿਕਾਰ) (ਡੂੰਗਾ ਪਿਆਰ)

ਸ. ਉਸ ਦੀ ਆਤਮਾ ਦਾ ਬਿਨਾ ਵਿਰੋਧ, ਜਾਂ ਵਿਵਾਦ ਕੀਤੇ ਉਸ ਨੂੰ ਅੰਤਿਮ ਫੈਸਲੇ ਕਰਣ ਦੇਵੋ ।(ਸਮਰਪਿਤ ਬਨੋ)

ਹ. ਉਸ ਦਾ ਸ਼ਰੀਰਕ ਤਰਸਕਾਰ ਉਸ ਦੇ ਮਰਦਾਨਗੀ ਦਾ ਵਿਨਾਸ਼ਕ ਹੈ

(ਗਹਿਰਾ ਪਿਆਰ)

ਣ. ਉਸ ਦੀ ਅਸਫਲਤਾ ਲਈ ਵੀ ਜਗਹ ਰੱਖੋ, ਤੁਸੀਂ ਉਸ ਦਾ ਸਾਥ ਤੇ ਉਤਸਾਹ ਦੇਣ ਵਿੱਚ ਲਗੇ ਰਹੋ । (ਅਨੰਦ ਮਨਾਵੋ)

**2. ਤੁਹਾਨੂ ਪਤਨੀ ਹੋਣ ਦੇ ਨਾਤੇ ਉਸ ਨੂੰ ਆਗੂ ਮਣਨਾ ਚਾਹਿਦਾ ਹੈ** ਅਤੇ ਉਸ ਦਾ ਵਿਸਵਾਸ ਕਰੋ

(ਪਸੰਦ) ਜਬੂਰ 15

ੳ. ਉਸ ਨੂੰ ਪਸੰਦ ਕਰਨਾ ਜਦੋਂ ਉਹ:

ਸਿੱਧੀ ਚਾਲ ਚੱਲਦਾ, ਦੋਸ਼ਰਹਿਤ ਧਰਮੀ ਕੰਮ, ਨਿਯਾਯੀ ਬੋਲ ਅਤੇ ਅਪਨੇ ਦਿੱਲ ਵਿੱਚ ਸੱਚ ਸੋਚਦਾ (ਇਮਾਣਦਾਰੀ)

ਕਲੰਕ ਜਾਂ ਚੁੱਗਲੀ ਨਾ ਕਰਨ ਵਾਲਾ

ਰੂਹਾਨੀ ਬੰਦਿਆਂ ਦੀ ਇੱਜ਼ਤ ਕਰਨ ਵਾਲਾ, ਦੁਸ਼ਟ ਬੰਦਿਆਂ ਦਾ ਤਿਰਿਸਕਾਰ ਕਰਨ ਵਾਲਾ

ਜਿਨ੍ਹਾਂ ਦਾ ਮੁੱਲ ਦੇਨਾ ਪਵੇ ਉਹੋ ਜਹੇ ਵਾਦਿਆਂ ਨੂੰ ਪੂਰਾ ਕਰਨ ਵਾਲਾ

ਲੋਕਾਂ ਦਾ ਫੈਦਾ ਨਹੀਂ ਚੁਕਦਾ

ਉਸ ਨੂੰ ਰਿਸ਼ਵੱਤ ਨਹੀਂ ਦਿੱਤੀ ਜਾ ਸਕਦੀ

ਅਪਣਿਆਂ ਚੋਟਾਂ ਵੱਲ ਨਹੀਂ ਬਦਲਦਾ

ਲੋਕ ਉਨ੍ਹਾਂ ਵੱਲ ਅਕ੍ਰਸ਼ਿਤ ਹੁੰਦੇ ਹਣ ਜੋ ਉਨ੍ਹਾਂ ਨੂੰ ਪਸੰਦ ਕਰਦੇ ਹਣ ਅਤੇ ਉਨ੍ਹਾਂ ਤੋਂ ਭਜਦੇ ਹਣ ਜੋ ਉਨ੍ਹਾਂ ਨੂੰ ਛੋਟਾ ਜਾਣਦੇ ਜਾਂ ਉਨ੍ਹਾਂ ਨੂੰ ਨੀਵਾਂ ਵੇਖਦੇ ਹਣ

ਅ. ਉਸ ਦੀ ਆਗੂ ਕਰਣ ਦੀ ਯੋਗਤਾ ਹੋਰ ਵੀ ਬੱਲ ਫੜੇਗੀ ਜਦੋਂ ਤੁਸੀਂ ਉਸ ਦੀ ਪ੍ਰਸੰਸਾ ਕਰੋਗੇ, ਸ਼ਬਦਾਂ ਦਾ ਸਪਸ਼ਟਤਾ ਨਾਲ ਇੱਸਤੇਮਾਲ ਕਰੋ ।

ੲ. ਉਸ ਵੱਲ ਧਿਆਣ ਰੱਖੋ, ਉਸ ਵੱਲ ਧਿਆਣ ਰੱਖੋ ਜਦੋਂ ਉਹ ਕਿਸੇ ਹੋਰ ਨਾਲ ਜਾਂ ਤੁਹਾਡੇ ਨਾਲ ਗੱਲਾਂ ਕਰਦਾ ਹੈ, ਤੁਹਾਡਾ ਪਸੰਦ ਕਰਨਾ ਚੇਹਰੇ ਤੋਂ ਹੀ ਵਿੱਖ ਜਾਵੇਗਾ ਜਦੋਂ ਤੁਸੀਂ ਉਸ ਦਿਆਂ ਗੱਲਾਂ ਸੁਣਦੇ ਹੋਵੋਗੇ । ਦਿੱਖਨਾ ਮੇਰੇ ਕੋਲ ਕਿਨ੍ਹਾਂ ਚੰਗਾ “ਇਨਾਮ” ਹੈ!

## ਅਪਨੇ ਪਤੀ ਪ੍ਰਤੀ ਪਸੰਦ ਕਰਨਾ ਦ੍ਰਸ਼ਾਉਂਣ ਦੇ ਤਰੀਕੇ

1. ਅਪਨੇ ਪਤੀ ਤੋਂ ਸਲਾਹ ਤੇ ਰਾਇ ਲੈਨੀ ਸ਼ੁਰੂ ਕਰੋ
2. ਅਪਨੇ ਪਤੀ ਦੇ ਪਿੱਛਲੇ ਬਿਣਤੀ ਤੇ ਚਾਹ ਨੂੰ ਯਾਦ ਰੱਖਣ ਦਿਆਂ ਕੋਸ਼ਿਸਾਂ ਕਰੋ ਅਤੇ ਉਸ ਨੂੰ ਜਦੋਂ ਮੋਕਾ ਲੱਗੇ ਪੂਰਾ ਕਰਣ ਵਿੱਚ ਲਗੋ
3. ਹਰ ਖਾਸ ਮੌਕਿਆਂ ਤੇ ਅਪਣੇ ਪਤੀ ਦੇ ਸਕਰਾਤਮਕ ਵਿਸ਼ੇਸਤਾਵਾਂ ਵੱਲ ਧਿਆਨ ਦਿਆਵੋ ਜਦੋਂ ਤੁਸੀਂ ਦੁਜੀਆਂ ਦੇ ਵਿੱਚ ਹੁੰਦੇ ਹੋ, ਬੱਚਿਆਂ ਤੇ ਪਰੀਵਾਰ ਵਿੱਚ । ਉਸ ਦੇ ਨਕਰਾਤਮਕ ਗਲਾਂ ਵੱਲ ਨਹੀਂ!
4. ਯਤਣ ਕਰਕੇ ਅਪਣੇ ਪਤੀ ਦੀ ਨੋਕਰੀ, ਸ਼ੌਕ ਲਈ ਪ੍ਰਸ਼ੰਸਾ ਹਾਸਿਲ ਕਰੋ, ਸਮੱਝਣ ਦੀ ਕੋਸ਼ਿਸ ਕਰੋ ਕਿ ਉਸ ਲਈ ਉਸ ਦੀ ਨੋਕਰੀ ਦੇ ਕੰਮ ਕਿਨ੍ਹੇ ਖਾਸ ਹਣ ।

   ਇੱਕ ਆਦਮੀ ਨੂੰ ਉਸ ਦੇ ਹੋਂਦ ਦਾ ਕੁੱਝ ਵੀ ਇੰਨ੍ਹਾਂ ਨੁੱਕਸਾਨ ਨਹੀਂ ਕਰਦਾ ਜਿਨ੍ਹਾਂ ਉਸ ਦੀ ਪਤਨੀ ਦਾ ਉਸ ਦਿਆਂ ਕੋਸ਼ਿਸਾਂ ਨੂੰ ਸਹਿਯੋਗ ਦੇਣ ਨੂੰ ਥੱਲੇ ਖਿੱਚਨਾ ।
5. ਨਕਰਾਤਮਕ ਪ੍ਰਤੀਕ੍ਰਿਆ ਤੋਂ ਬਗੈਰ ਸਾਵਧਾਨੀ ਨਾਲ ਧਿਆਣ ਦੇਨਾ ਕੀ ਤੁਹਾਡਾ ਪਤੀ ਕਿ ਕਹ ਰਿਹਾ ਹੈ- ਖੁੱਲੇ ਮਨ ਨਾਲ ਸੁਣਨਾ
6. ਦਿਨ ਨੂੰ ਗੁਜ਼ਰਣ ਨਾ ਦੇਵੋ ਬਿਨ੍ਹਾਂ ਪ੍ਰਸ਼ੰਸਾ ਵਿਖਾਏ ਘੱਟ ਤੋਂ ਘੱਟ ਇੱਕ ਗੱਲ ਲਈ ਜੋ ਕੁੱਝ ਵੀ ਤੁਹਾਡੇ ਪਤੀ ਨੇ 24 ਘੰਟੇ ਵਿੱਚ ਕਿਹਾ ਜਾਂ ਕਿਤਾ ਹੋਵੇ ।
7. ਅਪਣੇ ਸੰਵੇਦਣਸ਼ੀਲਤਾ ਨੂੰ ਪਤੀ ਦੇ ਨਿਸ਼ਾਨਿਆਂ ਨੂੰ ਜਾਣਨ ਲਈ ਵਰਤੋ ਅਤੇ ਉਸ ਨੂੰ ਪੂਰਿਆਂ ਕਰਨ ਲਈ ਉਸ ਦਾ ਸਹਿਯੋਗ ਦੇਵੋ ।
8. ਸ਼ਬਦਾਂ ਬਗੈਰ ਹੀ ਉਸ ਦੀ ਪ੍ਰਸ਼ੰਸਾ ਕਰਨੀ ਸਿੱਖੋ । ਉਸ ਪ੍ਰਤੀ ਪਰਵਾਹ ਕਰਨੀ ਜਦੋਂ ਉਹ ਘਰ ਆਵੇ, ਉਸ ਦੇ ਪਸੰਦਿੱਤਾ ਭੋਜਣ, ਧਿਆਣ ਨਾਲ ਸੁਣੋ, ਅਪਣਿਆਂ ਅੱਖਾਂ ਉਸ ਤੇ ਲਗਾਓ । ਜਦੋਂ ਉਹ ਤੁਹਾਡੇ ਨਾਲ ਗਲਾਂ ਕਰੇ ਤਾਂ ਉਸ ਨਾਲ ਬੱਚਿਆਂ, ਟੀ ਵੀ, ਬਰਤਨਾਂ ਦੀ ਤੁਲਨਾ ਨਾ ਕਰੋ ।
9. ਜਦੋਂ ਵੀ ਤੁਸੀਂ ਅਪਣੇ ਪਤੀ ਨੂੰ ਚੋਟ ਪਹੁੰਚਾਵੋ ਤਾਂ ਸਚਿਆਈ ਨਾਲ ਮਾਫੀ ਲਈ ਇੱਛੁੱਕ ਹੋ ਕੇ ਪੀਛਾ ਕਰੋ ਮੰਣੋ “ਮੈਂ ਗਲਤ ਸੀ” ਕੀ ਤੁਸੀ ਮੈਂਨੂੰ ਮਾਫ ਕਰੋਗੇ?

## 3. ਤੁਹਾਨੂੰ ਇਹੋ ਜਹੀ ਪਤਨੀ ਬਣਨਾਂ ਹੈ ਜਿਸ ਦੀ ਦੂੱਜੇ ਪ੍ਰਸ਼ੰਸਾ ਕਰਨ

1 ਤਿਮੋਥਿਉਸ 2:9,10 … ਜਿਵੇਂ ਇਸਤ੍ਰੀਆਂ ਨੂੰ ਸ਼ੋਭਾ ਦਿੰਦਾ ਹੈ ਜਿੜ੍ਹਿਆਂ ਆਦਰਨੀਯ ਭੈ ਨਾਲ ਤੇ ਪਰਮੇਸ਼ੁਰ ਦੇ ਪ੍ਰਤੀ ਭਗਤੀ ਨਾਲ ਦਰਸ਼ਾਉਂਦੀ ਹੈ ।

1. ਦੂੱਜਿਆਂ ਰਾਹੀ ਤੁਹਾਡੀ ਪ੍ਰਸ਼ੰਸਾ ਤੁਹਾਡੇ ਚੰਗੇ ਕੰਮਾ ਤੇ ਚਰਿਤ੍ਰ ਲਈ । ਕਹਾਉਤਾਂ 31:31
ਇਸਤ੍ਰੀਆਂ ਅਪਣੇ ਪਤੀ ਨੂੰ ਦਰਸ਼ਾਉਂਦੀ ਹੈ । 1 ਕੁਰਿੰਥੀਆਂ 11:7 ..ਇਸਤ੍ਰੀ ਆਦਮੀ ਦੀ ਮਹਿਮਾ ਹੈ ।

ੳ. ਆਤਮਕ ਆਗੂਆਂ ਰਾਹੀ ਪ੍ਰਸ਼ੰਸਾ:
- ਉਨ੍ਹਾਂ ਦੀ ਲੋੜਾਂ ਦੀ ਜਾਨਕਾਰੀ ਰੱਖਣ ਲਈ
- ਬੁੱਧੀ ਤੇ ਵਿਚਾਰਸ਼ੀਲਤਾ
- ਤੁਹਾਡਾ ਪਿਆਰ ਤੁਹਾਡੇ ਪਤੀ ਤੇ ਬੱਚਿਆਂ ਲਈ
- ਤੁਹਾਡਾ ਤੁਹਾਡੇ ਪਤੀ ਦੇ ਲਈ ਸਮਰਪਣ ਤੇ ਆਗਿਆਕਾਰੀ ਦੇ ਲਈ
- ਤੁਹਾਡੇ ਉੱਚੇ ਨੀਤੀਆਂ ਲਈ
- ਤੁਹਾਡੇ ਘਰ ਦੇ ਪ੍ਰਬੰਧਾ ਲਈ

ਅ. ਤੁਹਾਡੇ ਬੱਚੇ ਤੁਹਾਡੀ ਪ੍ਰਸ਼ੰਸਾ ਕਰਣ
- ਦੂੱਜਿਆਂ ਤੇ ਤੁਹਾਡੇ ਰੂਹਾਨੀ ਪ੍ਰਭਾਵ ਲਈ
- ਤੁਹਾਡਾ ਤੁਹਾਡੇ ਪਤੀ ਨਾਲ ਤਾਲਮੇਲ
- ਤੁਹਾਡਾ ਮਿਹਨਤੀ, ਸਰਫਾ ਤੇ ਸਿਆਨੱਪ ਘਰ ਦੇ ਪ੍ਰਬੰਧ ਵਿੱਚ
- ਤੁਹਾਡੀ ਬੁੱਧ ਤੇ ਮਿਹਰਬਾਨੀ ਲਈ

ੲ. ਪੜੋਸੀ ਤੁਹਾਡੀ ਪ੍ਰਸ਼ੰਸਾ ਕਰੇ
- ਗਰੀਬਾਂ ਤੇ ਜਰੂਰਤਮੰਦਾਂ ਲਈ ਤੁਹਾਡਾ ਦਾਨੀ ਹੋਨਾ
- ਤੁਹਾਡਾ ਪਰੋਣਚਾਰੀ ਲਈ
- ਸੱਟ ਖਾਦਿਆਂ ਦੇ ਆਰਾਮ ਲਈ

ਸ. ਕਲਿਸੀਆ ਤੁਹਾਡੀ ਪ੍ਰਸ਼ੰਸਾ ਕਰੇ
- ਸੰਤਾਂ ਦੀ ਵਹਵਾਰਿਕ ਪਰਵਾਹ ਕਰਨ ਲਈ
- ਸ਼ਾਦੀ ਦੇ ਵਾਦਿਆਂ ਪ੍ਰਤੀ ਵਫਾਦਾਰੀ
- ਜਵਾਨ ਇਸਤ੍ਰੀਆਂ ਨੂੰ ਤੁਹਾਡੀ ਸਿੱਖਾਉਣ ਦੀ ਯੋਗਤਾ

ਕਹਾਉਤਾਂ 12:4
ਪਤਵੰਤੀ ਤੀਵੀਂ ਅਤੇ ਜੋਗ ਪਤਨੀ- ਉਦਮੀ ਅਤੇ ਚਰਿਤ੍ਰ ਵਿੱਚ ਮਜ਼ਬੂਤ -ਆਪਣੇ ਪਤੀ ਦਾ ਮੁਕਟ ਹੈ, ਪਰ ਖੱਜਲ ਕਰਨ ਵਾਲੀ ਓਹਿ ਦੀਆਂ ਹੱਡੀਆਂ ਦਾ ਸਾੜਾ ਹੈ ।

## ਪਥਰ ਜਿਹੜੇ ਸ਼ਾਦੀ ਨੂੰ ਬਣਾਉਂਦੇ ਹਣ

1. **ਰੂਪ:** ਅੰਦਰੂਨੀ ਰਵਈਆ ਸ਼ਰੀਰਕ ਸੁੰਦਰਤਾ ਬਣਤਉਂਦਾ ਹੈ
ਤੁਹਾਡੇ ਵਾਲ ਅਤੇ ਪਹਿਰਾਵਾ ਤੁਹਾਡੇ ਪਤੀ ਦੇ ਪਸੰਦ ਦੇ ਪ੍ਰਤੀਕ ਹਣ, ਦਰਜਾ ਤੇ ਪ੍ਰਬੰਧ ।
ਘਰ ਦਾ ਰੂਪ ਉਸ ਦੀ ਬੁੱਧ ਦਾ ਪ੍ਰਤੀਕ ਹੈ, ਪ੍ਰਬੰਧ ਤੇ ਸੁਰਕਸ਼ਾ । ਉਸ ਦਾ ਘਰ ਉਸ ਦਾ ਖਜ਼ਾਨਾ ਹੈ ।

ਪਤਨੀ ਦੀ ਰੂਹ ਘਰ ਦਾ ਵਾਤਾਵਰਣ ਬਣਾਉਂਦੀ ਹੈ, ਘਰ ਆਉਣਾ ਜਾਂ ਤਾਂ ਸਵਰਗ ਹੈ ਜਾਂ ਫਿਰ ਨਰਕ ਹੈ ।

**2. ਰਵਈਆ:** 1 ਪਤਰਸ 3:4

### ੳ. ਨਮਰ ਤੇ ਸ਼ਾਂਤ ਆਤਮਾ

ਕੋਈ ਸੰਘਰਸ਼ ਜਾਂ ਝਗੜਾ ਨਹੀਂ
ਨਮਰ- ਅਵਿਨਾਸ਼ੀ, ਮਿਟਾਈ ਨਹੀਂ ਜਾ ਸਕਦੀ, ਨਜ਼ਰ ਅੰਦਾਜ ਕਰਨਾ, ਜਾਂ ਨਾਸ਼ ਕਰਨਾ
ਚਰਿਤ੍ਰ ਦਾ ਬੱਲ, ਮਜਬੂਤ ਸਵੈਂਕਾਬੂ, ਸ਼ਾਂਤ ਆਕਰਸ਼ਣ ਤੇ ਸਨਮਾਨ, ਸਥਿਰ ਤੇ ਕਾਬੂ ਵਿੱਚ, ਦੁਜਿਆਂ ਨੂੰ ਕੋਈ ਪਰੇਸ਼ਾਨੀ ਨਾ ਦੇਨਾ ।
ਨਿਮਾਣਾ= ਅਧਿਕਾਰ ਤੇ ਉਮੀਦਾਂ ਨੂੰ ਪਰਮੇਸ਼ੁਰ ਨੂੰ ਸੌਂਪਨਾ
ਸ਼ਾਂਤ ਆਤਮਾ= ਡਰ ਤੇ ਚਿੰਤਾ ਉਤੇ ਜਿੱਤ ਹਾਸਲ ਕਰਨੀ, ਆਤੰਕ ਜਾਂ ਚਿੜ੍ਹ ਤੋਂ ਅਜਾਦ

### ਅ. ਇੱਕ ਧੰਨਵਾਦੀ ਆਤਮਾ

ਸਾਰੀਆਂ ਉਮੀਦਾਂ ਪਰਮੇਸ਼ੁਰ ਨੂੰ ਦੇਵੋ ਜਬੂਰ 62:5
ਕੁੱਝ ਉਮੀਦ ਨਾ ਕਰੋ= ਕੁੱਝ ਵੀ ਤੇ ਸਬ ਕੁੱਝ ਲਈ ਧੰਨਵਾਦੀ ਹੋਵੋ, ਤੁਹਾਡੇ ਪਤੀ ਦੇ ਫਿਆਰ ਦੇ ਕੋਈ ਵੀ ਸਬੂਤ ਲਈ
ਭਗਤੀ ਨਾਲ ਸੰਤੋਖ ਸਿੱਖੋ 1 ਤਿਮੋਥਿਉਸ 6:6-11

**3. ਜਵਾਬਦੇਹੀ** ਜਵਾਬ ਦੇਨਾ ਨਾ ਕੀ ਪ੍ਰਤੀਕ੍ਰਿਆ ਕਰਨੀ ਕਹਾਉਤਾਂ 25:15

ਸਾਰਈ ਨੇ ਅਬਰਾਮ ਦੀ ਆਗਿਆਪਾਲਣ ਕੀਤੀ "ਆਗਿਆਪਾਲਣ" ਕਿਸੇ ਦਾ ਨਜ਼ਦੀਕੀ ਨਾਲ ਧਿਆਣ ਦੇਨਾ
ਵਿਚਾਰ ਇਹ ਹੈ ਕਿ ਦੁੱਜੇ ਦੀ ਜਰੂਰਤਾਂ, ਇੱਕ ਸਕਰਾਤਮਕ, ਮਦਦਗਾਰ ਜਵਾਬ ਦਾ ਖਿਆਲ ਰੱਖਨਾ

### ੳ. ਪਰਮੇਸ਼ੁਰ ਨੂੰ ਅਕਰਸ਼ਕ ਕਰਨ ਦੇ ਸਿਧਾਂਤ ਨੂੰ ਸਿੱਖੋ (ਤੁਹਾਡੇ ਪਤੀ ਬਾਰੇ)

ਪਰਮੇਸ਼ੁਰ ਨਾਲ ਸਹੀ ਖੜੇ ਹੋਨਾ
ਸਹੀ ਇਰਾਦੇ ਰੱਖੋ
ਸਹੀ ਵਿਹਾਰ (ਨਾ ਸ਼ਮਾ ਕਰਨਾ ਨਾ ਹੋਵੇ, ਨਾ ਪਾਪ)
ਇਮਾਣਦਾਰ, ਪਰਮੇਸ਼ੁਰ ਨਾਲ ਠੀਕ ਹੋਵੋ
ਬਲਿਦਾਨ ਕਰਨ ਲਈ ਇਝੁੱਕ ਰਹੋ

### ਅ ਇਹੋ ਸਿਧਾਂਤ ਅਪਣੇ ਪਤੀ ਨੂੰ ਅਕਰਸ਼ਕ ਕਰਨ ਲਈ ਲਾਗੂ ਕਰੋ

### ੲ. ਆਤਮਕ ਇਸਤ੍ਰੀਆਂ ਤੋ ਅੰਤਰ-ਦ੍ਰਿਸ਼ਟੀ ਸਿੱਖੋ, ਅਸਤਰ= ਬੁੱਧਵਾਣ ਅਕਰਸ਼ਣ,
ਰੂਥ= ਵਫਾਦਾਰੀ, ਸਾਰਾਈ= ਆਗਿਆਕਾਰੀ ਆਤਮਾ

# ਯੁੱਧਭੂਮੀ

ਸੱਸ-ਸੌਹਰਾ
ਬੱਚੇ
ਪੂੰਜੀ
ਯੋਨ

ਯੁੱਧਭੂਮੀ ਉਹ ਜਗਹ ਹੈ ਜਿੱਥੇ ਦੋ ਦੁਸ਼ਮਣ ਇੱਕਠੇ ਹੋ ਕੇ ਅਪਣੇ ਭੇਦਭਾਵਾਂ ਨੂੰ ਸੁੱਲਝਾਣ ਲਈ ਲੜਦੇ ਹਣ । **ਮਾਪਿਉ ਤੇ ਸੱਸ-ਸੌਹਰਾ** ਨੂੰ ਸ਼ਾਦੀ ਦੇ ਵਿੱਚ ਨਹੀਂ ਆਨਾ ਚਾਹਿਦਾ ਜਾਂ **ਸ਼ਾਦੀ ਦੇ ਅਦਾਲਤ** ਵਿੱਚ । ਸ਼ਾਦੀ ਵਿੱਚ ਕੇਵਲ ਦੋ ਜਨ੍ਹੇ ਖੇਡ ਖੇਡੱਦੇ ਹਣ ਅਤੇ ਬਾਕੀ ਵੇਖੱਦੇ ਹਣ ।
ਇਹ ਮੇਰੀ ਜਿਮੇਦਾਰੀ ਹੈ ਕੀ ਮੈ ਅਪਣੇ ਮਾਪਿਉ ਨੂੰ ਅਪਣੀ ਸ਼ਾਦੀ ਤੋਂ ਬਾਹਰ ਰੱਖਾਂ: ਮੇਰਾ ਉਨ੍ਹਾਂ ਦੇ ਨਾਲ ਰਿਸ਼ਤਾ ਹੈ, ਮੈਂ ਉਨ੍ਹਾਂ ਦਾ ਹਾਂ ।
ਉੱਮਰ ਤੇ ਦੂਰੀ ਦਾ ਫਰਕ ਨਹੀਂ ਪੈਂਦਾ ਮਾਪਿਉ ਫਿਰ ਵੀ ਅਦਾਲਤ ਵਿੱਚ ਆ ਸਕਦੇ ਹਣ ।
ਸੱਸ- ਸੌਹਰੇ ਦੀ ਸਮਸਿਆ ਅਸਲ ਵਿੱਚ ਮਾਪਿਉ/ਬੱਚੇ ਦੀ ਸਮਸਿਆ ਹੈ
ਤਰੀਕੇ ਜਿਹ ਦੇ ਰਾਹੀ ਮਾਪਿਉ ਸ਼ਾਦੀ ਵਿੱਚ ਲੱਤ ਅੜਾਈ ਰੱਖਦੇ ਹਣ: ਪੈਸਾ, ਇਨਾਮ, ਵਪਾਰ, ਧਰਮ, ਦਰਜਾ, ਰੀਤੀਆਂ, ਛੁੱਟਿਆਂ, ਦੋਤੇ-ਪੋਤੇ, ਬਿਮਾਰੀ ।
ਜੇ ਤੁਹਾਡੇ ਪਤੀ ਨੂੰ ਤੁਹਾਡੇ ਮਾਪਿਉ ਦਾ ਸਾਹਮਨਾ ਕਰਨਾ ਪਵੇ ਤਾਂ ਉਹ ਹਾਰ ਜਾਵੇਗਾ । ਜੇ ਪਤੀ ਇੱਹ ਮਹਸੂਸ ਨਾ ਕਰੇ ਕੀ ਉਹ ਅਪਣੀ ਪਤਨੀ ਦੇ ਜੀਵਨ ਵਿੱਚ ਪਹਿਲੇ ਸਥਾਨ ਤੇ ਹੈ ਤਾਂ ਫਿਰ ਉਹ **ਜੋ ਕੁੱਝ ਵੀ ਜਾਂ ਜੋ ਵੀ ਹੋਵੇ** ਦਾ ਵਿਰੋਧ ਕਰੇਗਾ ਜਿਨ੍ਹਾਂ ਉਸ ਨੂੰ ਉਸ ਦੇ “ਪਹਿਲੇ ਸਥਾਨ” ਤੋਂ ਕੱਢ ਦਿੱਤਾ ਹੈ ।
“ਦੋ ਇੱਕ ਹੋ ਜਾਣਗੇ” ਜੋ ਵੀ ਤੁਹਾਡੇ ਵਿੱਚ ਆਵੇ ਉਹ ਉਸ ਨੂੰ “ਪਹਿਲੇ ਸਥਾਨ” ਤੋਂ ਪੁੱਟ ਸੁਟੇਗੀ ।

**ਬੱਚੇ,** ਪਤਨੀ ਵਿੱਚ ਪਤੀ ਦੀ ਜਗਹ ਲੈ ਸਕਦੇ ਹਣ: ਸਮਾ, ਧਿਆਣ, ਭਗਤੀ, ਲਗਾਵ ਤੇ ਬੇਸ਼ਰਤਾ ਪ੍ਰੇਮ । ਬੱਚਿਆਂ ਨੂੰ ਪਤਾ ਹੁੰਦਾ ਹੈ ਕੀ ਕਦ ਤੇ ਕਿਵੇਂ ਵੰਡ ਪਾ ਕੇ ਜਿੱਤ ਪਾਨੀ । ਤੁਸੀਂ ਪਤੀ ਨੂੰ ਪਹਿਲਾ ਸਥਾਨ ਦੇ ਕੇ ਬੱਚਿਆਂ ਨੂੰ ਵਿਖਾ ਦਿੰਦੇ ਹੋ ਕੀ ਪਤੀ, ਪਿਤਾ ਪਰਿਵਾਰ ਦਾ ਮੁੱਖਿਆ ਹੈ । ਇੱਹ ਉਨ੍ਹਾਂ ਨੂੰ ਸੁਰਕਸ਼ਾ ਪ੍ਰਦਾਣ ਕਰੇਗੀ ।
ਬੱਚਿਆਂ ਨੂੰ ਅਨੁਸ਼ਾਸਣ ਕਰਣ ਲਈ ਜੋੜੀ ਅਕਸਰ ਅਸਹਿਮਤੀ ਦਿਖਾਉਂਦੇ ਹਣ । ਅਸੀਂ ਹਰ ਇੱਕ ਦੁੱਜੇ ਦੀ ਕਮਜੋਰੀ ਦਾ ਫੈਦਾ ਚੁੱਕਦੇ ਹਾਂ । ਜਦੋਂ ਸ਼ਕ ਵਿੱਚ ਹੋਵੋ ਤਾਂ ਪਤੀ ਦੀ ਅਗੁਵਾਈ ਮਣੋ ।

**ਪੂੰਜੀ,** ਨੂੰ ਪਤੀ ਲਈ ਵੱਖਰਾ ਕੀਤਾ ਜਾ ਸਕਦਾ ਹੈ ਤਾਂ ਜੋ ਉਹ ‘ਮਹਸੂਸ’ ਕਰੇ ਕੀ ਉਸ ਦੇ ਵਸ ਵਿੱਚ ਅਤੇ ਅਧਿਕਾਰ ਥੱਲੇ ਹੈ । ਪਤਨੀ ਹੋਣ ਦੇ ਨਾਤੇ ਸਾਨੂੰ ਇਹ ਨਹੀਂ ਸਮਝਨਾ ਚਾਹਿਦਾ ਕੀ ਉਹ ਸਬ ਮੱਲ ਕੇ ਬੈਠ ਗਿਆ ਹੈ ਪਰ ਇੱਹ ਕੀ ਉਹ ਪਰਿਵਾਰ ਦਾ ਚਲਾਨ ਵਾਲਾ ਹੈ । ਇੱਹ ਠੀਕ ਹੈ ਉਸ ਦਾ ਸਹਾਇੱਕ ਹੋਨਾ ਜਦੋਂ ਉਹ ਪੂੰਜੀ ਦਾ ਸਹੀ ਨਿਵਾਰਨ ਕਰਨਾ ਨਾ ਜਾਣਦਾ ਹੋਵੇ । ਪੈਸੇ ਦੇ ਮਾਮਲੇ ਵਿੱਚ ਬਹੁਤ ਸਾਰੇ ਸਮਸਿਆਂਵਾਂ ਦਾ ਹੱਲ ਹੋ ਸਕਦਾ ਹੈ ਲਿਖਿੱਤ ਰੂਪ ਵਿੱਚ ਖ਼ਰਚਿਆਂ ਦਾ ਵੇਰਵਾ ਬਨ੍ਹਾਉਣ ਰਾਹੀ । ਖ਼ਰਚਿਆਂ ਦਾ ਵੇਰਵਾ ਫਿਰ ਫੈਸਲਾ ਕਰੇਗਾ ਕੀ ਕਿਵੇਂ ਅਤੇ ਕਿੱਥੇ ਪੈਸਾ ਖ਼ਰਚ ਹੋਵੇ । ਇਸਤ੍ਰੀ ਨੂੰ ਪਰਿਵਾਰਕ ਪੂੰਜੀ ਦੀ ਪੂਰੀ ਜਾਣਕਾਰੀ ਦਿੱਤੀ ਜਾਨੀ ਚਾਹੀਦੀ ਹੈ ।ਕਿਵੇਂ, ਕਦੋਂ, ਕਿੱਥੇ, ਕੋਣ ਆਦੀ ।

## ਯੌਣ

ਯੌਣ ਦੀ ਕ੍ਰਿਯਾ ਆਦਮੀ ਦੇ ਹੋਂਦ ਨੂੰ ਬਨਾਉਂਦੀ ਹੈ, ਉਸ ਦਾ ਮਰਦ ਹੋਨਾ ਜਦੋਂ ਉਹ ਮਹਸੂਸ ਕਰੇ ਕਮਜ਼ੋਰ, ਅਸੁਰਕਸ਼ਿਤ, ਬੇਬਸ, ਜਾਂ ਨਿਰਾਸ਼ । ਉਹ ਨੂੰ ਤੁਹਾਡਾ ਹਿਸੇਦਾਰੀ ਚਾਹੀਦੀ ਹੈ ਨਾ ਕੇਵਲ ਸ਼ਰੀਰ! ਉਹ ਨੂੰ ਪਤਾ ਹੋਨਾ ਚਾਹਿਦਾ ਹੈ ਕੀ ਤੁਸੀਂ ਉਸ ਦੇ ਸ਼ਰੀਰ ਦਾ ਆਨੰਦ ਲੈਂਦੇ ਹੋ । 1 ਕੁਰਿੰਥੀਆਂ 7:11

ਇੱਕ ਆਦਮੀ ਇੱਕਦਮ ਸਪਰਸ਼, ਤਸਵੀਰ, ਇੱਕ ਨਜ਼ਰ ਅਤੇ ਉਹ ਸੰਗ ਕਰਨ ਲਈ ਤਿਆਰ ਹੋ ਜਾਂਦਾ ਹੈ ।
ਆਦਮੀ ਲਈ ਯੌਣ ਦਾ ਕੀ ਅਰਥ ਹੈ:
ਆਦਮੀ ਦਾ ਜੇ ਬਿਸਤਰ ਵਿੱਚ ਰਿਸ਼ਤਾ ਸਹੀ ਹੈ ਤਾਂ ਉਹ ਦਾ ਸਬ ਜਗਹ ਰਿਸ਼ਤਾ ਸਹੀ ਹੈ ।
ਇੱਕ ਆਦਮੀ ਜਿਹੜਾ ਸੈਕਸ ਵਿੱਚ ਸੰਤੁਸ਼ਟ ਹੈ ਉਹ ਦੁੱਜਿਆਂ ਜਗਾਵਾਂ ਵਿੱਚ ਖੁਦ ਤੇ ਭਰੋਸਾ ਪੈਦਾ ਕਰਦਾ ਹੈ ।
ਇੱਕ ਆਦਮੀ ਜੀਵਨ ਦੀ ਕਿਸੇ ਵੀ ਅਸਫ਼ਲਤਾ ਨੂੰ ਸਹ ਸਕਦਾ ਹੈ ਜੇ ਉਹ ਬਿਸਤਰ ਵਿੱਚ ਸਫ਼ਲ ਹੈ ।
ਜੇ ਉਹ ਸੈਕਸ ਵਿੱਚ ਸਫ਼ਲ ਨਹੀਂ ਹੈ ਤਾਂ ਉਹ ਕਿੱਥੇ ਵੀ ਸਫ਼ਲਤਾ ਮਹਸੂਸ ਨਾ ਕਰੇਗਾ ।
ਵਿਪਤੀ ਦੇ ਸਮੇ ਵਿੱਚ ਇੱਕ ਆਦਮੀ ਨੂੰ ਲੋੜ ਪੈਂਦੀ ਹੈ ਕਿ ਉਹ ਪ੍ਰੇਮ ਕਰਨ ਰਾਹੀ ਅਪਣੀ ਪਤਨੀ ਤੋਂ ਬੱਲ ਪ੍ਰਾਪਤ ਕਰੇ ।

ਰਾਜਾ ਦਾਉਦ ਅਪਣੇ ਬੇਟੇ ਦੇ ਬਿਮਾਰ ਹੋਣ ਦੇ ਸਮੇ ਰੋਜਾ ਰੱਖਿਆ ਤੇ ਪ੍ਰਾਰਥਨਾ ਕੀਤੀ ਪਰ ਉਸ ਦੀ ਮੌਤ ਹੋਣ ਤੇ ਨਹਾ ਕੇ, ਰੋਟੀ ਖਾਦੀ ਤੇ ਤਸੱਲੀ, ਬੱਲ, ਤਾਜ਼ਗੀ, ਆਤਮਵਿਸ਼ਵਾਸ ਨੂੰ ਬਨਾਉਣ ਇੱਕ ਆਦਮੀ ਬਣਨ ਲਈ ਅਪਨੀ ਪਤਨੀ ਕੋਲ ਗਿਆ । (ਦੋਸਤ ਦਾ ਬੱਚਾ ਮਰ ਗਿਆ)

ਇੱਕ ਆਦਮੀ ਦੀ ਜਰੂਰਤਾਂ ਹੁੰਦਿਆਂ ਹਣ ਜਿਨ੍ਹਾਂ ਨੂੰ ਕਿਸੇ ਨੂੰ ਪੂਰਾ ਕਰਨਾ ਹੈ । ਸੰਗ ਕਰਨਾ ਥਕਾਣ ਤੇ ਤਨਾਵ ਨੂੰ ਦੂਰ ਕਰਦਾ ਹੈ । ਇਹ ਉਸ ਨੂੰ ਇੱਕ ਆਦਮੀ ਕਰਕੇ ਫਿਰ ਜੋਸ਼ ਦਵਾਉਂਦਾ ਹੈ । ਇਹ ਉਸ ਨੂੰ ਮਹਸੂਸ ਕਰਾਉਂਦਾ ਹੈ ਕੀ ਉਹ ਇੱਕ ਪੂਰਾ ਤੇ ਕਾਮਲ ਆਦਮੀ ਹੈ ।

ਔਰਤ ਨੂੰ ਮਾਨਸਿਕ ਤਿਆਰੀ ਲਈ ਸਮਾ ਚਾਹਿਦਾ ਹੈ । ਉਸ ਨੂੰ ਉਸ ਮੌਕੇ ਨੂੰ ਅੱਗੇ ਵਧਾਉਣ ਵੱਲ ਧਿਆਣ ਦੇਨਾ ਚਾਹਿਦਾ ਹੈ । ਇੱਕ ਔਰਤ ਨੂੰ ਸੰਗ ਦੇ ਸਮੇਂ ਤਿਆਰੀ ਤੇ ਧਿਆਣ ਦੇਨਾ ਚਾਹਿਦਾ ਹੈ । ਉਸ ਨੂੰ ਅਪਣੇ ਮਨ ਤੇ ਵਿਚਾਰਾਂ ਨੂੰ ਕਾਬੂ ਵਿੱਚ ਰੱਖਨਾ ਚਾਹਿਦਾ ਹੈ ਨਹੀਂ ਤਾਂ ਉਸ ਨੂੰ ਲਗੇਗਾ ਕੀ ਉਸ ਦਾ ਇਸਤੇਮਾਲ ਤੇ ਦੁਰਵਿਵਹਾਰ ਕੀਤਾ ਜਾ ਰਿਹਾ ਹੈ । ਉਹ ਅਪਣੇ ਪਤੀ ਦਾ ਵਿਰੋਧ ਕਰੇਗੀ ਅਤੇ ਉਸ ਨੂੰ ਕਾਰਣ ਸਮੱਝ ਨਾ ਆਵੇਗਾ ਕੀ ਉਹ ਇਵੇਂ ਕਿਉਂ ਕਰ ਰਹੀ ਹੈ ।

ਇੱਕ ਔਰਤ ਪ੍ਰੇਮ ਚਾਹੁੰਦੀ ਹੈ ਪਰ ਉਹ ਜਾਣਦੀ ਹੈ ਕਿ ਜੇ ਉਹ ਉਸ ਨੂੰ ਛੂਵੇਗੀ ਤਾਂ ਉਸ ਸੰਗ ਕਰਨਾ ਚਾਹੇਗਾ । ਉਦਾਹਰਣ ਕਾਲੀ ਬਿੱਲੀ
ਮੇਰੇ ਕੋਲ ਹਾਮੀ ਵਾਲਾ ਚੋਗਾ ਹੈ ਤੇ ਨਾ ਵਾਲਾ ਚੋਗਾ ਹੈ । 'ਨਾ' ਵਾਲਾ ਮੇਰਾ ਰੇਸ਼ਮੀ ਚੋਗਾ ਹੈ ।
ਬਿਸਤਰ ਵਿੱਚ ਅਕਸਰ ਔਰਤ ਨੂੰ ਗੱਲ ਬਾਤ ਕਰਨਾ ਜਾਂ ਸੋ ਜਾਨਾ ਚਾਹਿਦਾ ਹੁੰਦਾ ਹੈ ।

### ਸੰਗ ਕਰਨ ਦੀ ਚਾਬੀ: ਰਵਇਆ

ਮੇਰੀ ਸੰਗ ਕਰਨ ਪ੍ਰਤੀ ਜਵਾਬ ਦੇਹੀ ਉਸ ਦੀ ਜ਼ਿਮੇਦਾਰੀ ਨਹੀਂ ਹੈ, ਇੱਹ ਮੇਰੀ ਹੈ ।
ਜੇ ਉਸ ਨੂੰ ਸਿੱਖਾਉਣ ਦੀ ਲੋੜ ਹੈ ਤਾਂ ਉਸ ਨੂੰ ਸਿੱਖਾਵੋ ਜਿਹੜਾ ਤੁਹਾਨੂੰ ਪਸੰਦ ਹੈ ਜਾਂ ਨਹੀਂ । ਉਹ ਤੁਹਾਡੇ ਮਨ ਨੂੰ ਪੜ ਨਹੀਂ ਸਕਦਾ!

1 ਪਤਰਸ 3:1-6

3:1 ਇਸੇ ਪਰਕਾਰ ਹੇ ਪਤਨੀਓ, ਤੁਸੀਂ ਸ਼ਾਦੀ ਸ਼ੁਦਾ ਔਰਤਾਂ, ਆਪਣਿਆਂ ਪਤੀਆਂ ਦੇ ਅਧੀਨ ਹੋਵੋ ਭਈ ਜੇ ਕੋਈ ਬਚਨ ਨਾ ਵੀ ਮੰਨਦੇ ਹੋਣ ਤਾਂ ਉਹ ਬਚਨ ਤੋਂ ਬਿਨਾ ਆਪਣੀਆਂ ਪਤਨੀਆਂ ਦੀ ਚਾਲ ਢਾਲ ਦੇ ਕਾਰਨ ਖਿੱਚੇ ਜਾਣ ।

:2 ਜਿਸ ਵੇਲੇ ਉਹ ਤੁਹਾਡੀ ਪਵਿੱਤਰ ਚਾਲ ਢਾਲ ਨੂੰ ਜੋ ਅਦਬ ਦੇ ਨਾਲ ਹੋਵੇ ਵੇਖ ਲੈਣ, ਸਾਥ ਹੀ ਤੁਹਾਡੇ ਆਦਰ (ਪਤੀ ਦੇ ਲਈ: ਉਸ ਦੇ ਲਈ ਤੁਹਾਨੂੰ ਲਗਨਾ ਚਾਹਿਦਾ ਹੈ ਉਹ ਸਾਰਾ ਆਦਰ ਜਿਸ ਦੇ ਵਿੱਚ, ਆਦਰ ਮਾਨ, ਮਹਤਵ ਦੇਨਾ, ਸਰਹਾਨਾ ਕਰਨੀ, ਪੁਰਸਕਾਰ, ਤੇ, ਇਨਸਾਨੀ ਤੋਰ ਤੇ, ਉਸ ਦੀ ਪ੍ਰਸ਼ੰਸਾ ਕਰਨੀ, ਜੋ ਹੈ, ਪਸੰਦ ਕਰਨਾ, ਤਾਰੀਫ਼, ਸ਼ਰਦਾਲੂ ਹੋਨਾ, ਗਹਰਾ ਪ੍ਰੇਮ, ਅਤੇ ਅਪਣੇ ਪਤੀ ਦਾ ਆਨੰਦ ਲੈਨਾ) ।

:3 ਅਤੇ ਤੁਹਾਡਾ ਸਿੰਗਾਰ (ਮਾਤ੍ਰ) ਸਿਰ ਗੁੰਦਣ ਅਤੇ ਸੋਨੇ ਦੇ (ਚੰਮਕੀਲੇ) ਗਹਿਣੇ ਪਾਉਣ ਅਥਵਾ ਬਸਤਰ ਪਹਿਨਣ ਦੇ ਨਾਲ ਬਾਹਰਲਾ ਨਾ ਹੋਵੇ ।

:4 ਪਰ ਉਹ ਮਨ ਦੀ ਗੁਪਤ ਇਨਸਾਨੀਅਤ ਹੋਵੇ ਜਿਹੜੀ ਉਸ ਅਵਨਾਸੀ ਸਿੰਗਾਰ ਨਾਲ ਹੈ ਅਰਥਾਤ ਕੋਮਲ ਅਤੇ ਗੰਭੀਰ ਆਤਮਾ ਨਾਲ (ਚਿੰਤਾ ਵਿੱਚ ਜਾਂ ਉੱਲਝਿਆ ਹੋਇਆ ਨਹੀਂ) ਕਿਉਂ ਜੋ ਇਹ ਪਰਮੇਸ਼ੁਰ ਦੇ ਲੇਖੇ ਵੱਡੇ ਮੁੱਲ ਦਾ ਹੈ ।

:5 ਕਿਉਂ ਜੋ ਇਸੇ ਤਰਾਂ ਅਗਲੇ ਸਮਿਆਂ ਵਿੱਚ ਪਵਿੱਤਰ ਇਸਤ੍ਰੀਆਂ ਜਿਹੜੀਆਂ (ਜਿਵੇਂ ਰਿਵਾਜ਼ ਸੀ) ਪਰਮੇਸ਼ੁਰ ਉੱਤੇ ਆਸ ਰੱਖਦੀਆਂ ਸਨ ਆਪਣਿਆਂ ਪੁਰਸ਼ਾਂ ਦੇ ਅਧੀਨ ਹੋ ਕੇ ਆਪਣੇ ਆਪ ਨੂੰ ਸ਼ਿੰਗਾਰਦੀਆਂ ਸਨ ।(ਅਪਣੇ ਆਪ ਨੂੰ ਉਨ੍ਹਾਂ ਦੇ ਅਨੁਕੂਲ ਬਨਾ ਕੇ ਖ਼ੁੱਦ ਨੂੰ ਦੁੱਜਾ ਬਨਾ ਕੇ ਉਨ੍ਹਾਂ ਤੇ ਨਿਰਭਰ ਕਰਦੀਆਂ ਸਨ) ।

:6 ਜਿਵੇਂ ਸਾਰਾਹ ਅਬਰਾਹਾਮ (ਉਸ ਦੀ ਅਗੁਵਾਈ ਵਿੱਚ ਚੱਲਦੇ ਹੋਏ ਅਤੇ ਉਸ ਦਾ ਅਪਣੇ ਉਤੇ ਪ੍ਰਥਾਣਗਿਰੀ ਸਵੀਕਾਰ ਕਰਦੇ) ਹੋਏ ਨੂੰ ਸੁਆਮੀ ਕਹਿ ਕੇ (ਸੁਆਮੀ, ਆਗੂ, ਅਧੀਕਾਰ) ਉਹ ਦੇ ਅਧੀਨ ਰਹੀ ਜਿਹ ਦੀਆਂ ਤੁਸੀਂ ਬੱਚੀਆਂ ਹੋਈਆਂ ਜੋ ਸ਼ੁਭ ਕਰਮ ਕਰਦੀਆਂ ਅਤੇ ਕਿਸੇ ਪਰਕਾਰ ਦੇ ਡਹਿਲ ਨਾਲ ਨਾ ਡਰਦੀਆਂ ਹੋਵੋ ।